ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

International Daily Newspaper & WEB TV

(ਯੂ. ਕੇ. ਤੋਂ ਪ੍ਰਕਾਸ਼ਿਤ)

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

YouTube https://youtu.be/LQwolgxDu7I

awazeqaumtvpunjab@gmail.com

ਸੋਮਵਾਰ, 24 ਅਗਸਤ 2026 (ਨਾਨਕਸ਼ਾਹੀ ਸੰਮਤ : ੫੫੮, ੭ ਭਾਦੋਂ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243




## ਓਮਾਨ ’ਚ ਵਾਪਰਿਆ ਭਿਆਨਕ ਹਾਦਸਾ ! ਭਾਰਤੀ ਨੌਜਵਾਨ ਦੀ ਗਈ ਜਾਨ, 9 ਹੋਰ ਗੰਭੀਰ ਜ਼ਖ਼ਮੀ

**ਨਵੀਂ ਦਿੱਲੀ, 23 ਅਗਸਤ (ਆਵਾਜ਼ਿ ਕੌਮ ਬਿਊਰੋ)**- ਓਮਾਨ ਤੋਂ ਇਕ ਮੰਦਭਾਗੀ ਖ਼ਬਰ ਸਾਹਮਣੇ ਆਈ ਹੈ, ਜਿੱਥੇ ਇੱਕ ਵਾਹਨ ਦੇ ਪਲਟ ਜਾਣ ਕਾਰਨ ਇੱਕ ਭਾਰਤੀ ਨਾਗਰਿਕ ਦੀ ਮੌਤ ਹੋ ਗਈ, ਜਦਕਿ 9 ਹੋਰ ਜ਼ਖਮੀ ਹੋ ਗਏ।




ਓਮਾਨ ਪੁਲਸ ਅਨੁਸਾਰ ਇਹ ਹਾਦਸਾ ਸ਼ਨੀਵਾਰ ਨੂੰ ਸੁਲਤਾਨ ਸਈਦ ਬਿਨ ਤੈਮੂਰ ਸਟ੍ਰੀਟ ’ਤੇ ਵਾਪਰਿਆ। ਓਮਾਨ ਪੁਲਸ ਨੇ ਅਲ ਹੇਮਾ ਗਵਰਨੋਰੇਟ ਤੋਂ ਦੋ ਗੰਭੀਰ ਜ਼ਖਮੀਆਂ ਨੂੰ ਇਲਾਜ ਲਈ ਨਿਜ਼ਵਾ ਹਸਪਤਾਲ ਪਹੁੰਚਾਉਣ ਲਈ ਵਿਸ਼ੇਸ਼ ਅਭਿਆਨ ਚਲਾਇਆ, ਜਦਕਿ ਬਾਕੀ ਜ਼ਖਮੀਆਂ ਨੂੰ ਐਂਬੂਲੈਂਸਾਂ ਰਾਹੀਂ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ। ਹਾਲਾਂਕਿ ਪੁਲਸ ਵੱਲੋਂ ਹਾਦਸੇ ਦੇ ਕਾਰਨਾਂ ਬਾਰੇ ਜਾਣਕਾਰੀ ਨਹੀਂ ਦਿੱਤੀ ਗਈ ਹੈ। ਰਿਪੋਰਟਾਂ ਅਨੁਸਾਰ, ਅਧਿਕਾਰੀਆਂ ਨੇ ਹਾਦਸੇ ਤੋਂ ਪਹਿਲਾਂ ਇਲਾਕੇ ’ਚ ਹਨੇਰੀ-ਤੂਫ਼ਾਨ ਅਤੇ ਭਾਰੀ ਮੀਂਹ ਕਾਰਨ ਹਾਈਵੇਅ ’ਤੇ ਵਿਜ਼ੀਬਿਲਟੀ ਘੱਟ ਹੋਣ ਦੀ ਚਿਤਾਵਨੀ ਜਾਰੀ ਕੀਤੀ ਸੀ, ਜਿਸ ਮਗਰੋਂ ਅੰਦਾਜ਼ਾ ਲਗਾਇਆ ਜਾ ਰਿਹਾ ਹੈ ਕਿ ਇਹ ਹਾਦਸਾ ਘੱਟ ਵਿਜ਼ੀਬਿਲਟੀ ਕਾਰਨ ਵਾਪਰਿਆ ਹੋ ਸਕਦਾ ਹੈ।

## ਮੁੱਖ ਮੰਤਰੀ ਦੇ ਪਿੰਡ ਸਤੌਜ ’ਚ ਹੰਗਾਮਾ

# ਪ੍ਰਦਰਸ਼ਨਕਾਰੀਆਂ ’ਤੇ ਪੁਲਿਸ ਨੇ ਛੱਡੀਆਂ ਪਾਣੀ ਦੀਆਂ ਬੁਛਾੜਾਂ

**ਸੰਗਰੂਰ, 23 ਅਗਸਤ (ਆਵਾਜ਼ਿ ਕੌਮ ਬਿਊਰੋ)**-ਮੁੱਖ ਮੰਤਰੀ ਭਗਵੰਤ ਮਾਨ ਦੇ ਜ਼ਿਲ੍ਹੇ ਸੰਗਰੂਰ ’ਚ ਅੱਜ ਉਸ ਸਮੇਂ ਹੰਗਾਮਾ ਮੱਚ ਗਿਆ, ਜਦੋਂ ਪੁਰਾਣੀ ਪੈਨਸ਼ਨ ਸਾਂਝਾ ਫਰੰਟ ਪੰਜਾਬ ਦੇ ਪ੍ਰਦਰਸ਼ਨਕਾਰੀਆਂ ’ਤੇ ਪੁਲਿਸ ਨੇ ਵਾਟਰ ਕੈਨਨ ਦੀ ਵਰਤੋਂ ਕੀਤੀ। ਇਹ ਪ੍ਰਦਰਸ਼ਨਕਾਰੀ ਪੁਰਾਣੀ ਪੈਨਸ਼ਨ ਬਹਾਲੀ ਨੂੰ ਲੈ ਕੇ ਮੁੱਖ ਮੰਤਰੀ ਦੇ ਪਿੰਡ ਸਤੌਜ ਵੱਲ ਧਰਨਾ ਲਾਉਣ ਲਈ ਜਾ ਰਹੇ ਸਨ, ਪਰ ਪੁਲਿਸ ਨੇ ਰਸਤੇ ਵਿੱਚ ਹੀ ਰੋਕ ਲਿਆ। ਜਾਣਕਾਰੀ ਅਨੁਸਾਰ, ਪ੍ਰਦਰਸ਼ਨਕਾਰੀ ਅੱਜ ਬੱਚਿਆਂ ਸਮੇਤ ਪਿੰਡ ਤੋਲੇਵਾਲ ਵਿਖੇ ਧਰਨਾ ਦੇਣ ਲਈ ਇਕੱਠੇ ਹੋਏ ਸਨ। ਇਸ ਦੌਰਾਨ ਪੁਲਿਸ ਵੱਲੋਂ ਭਾਰੀ ਗਿਣਤੀ ਵਿੱਚ ਤੈਨਾਤੀ ਕੀਤੀ ਗਈ ਸੀ ਅਤੇ ਪਿੰਡ ਸਤੌਜ ਦੇ ਸਾਰੇ ਰਸਤਿਆਂ ਨੂੰ ਬਲਾਕ ਕੀਤਾ ਗਿਆ ਸੀ। ਪ੍ਰਦਰਸ਼ਨਕਾਰੀਆਂ ਵੱਲੋਂ ਰੋਸ ਪ੍ਰਗਟਾਵਾ ਤੋਂ ਬਾਅਦ ਪਿੰਡ ਸਤੌਜ ਵੱਲ ਜਿਵੇਂ ਹੀ ਚਾਲੇ ਪਾਏ ਗਏ ਤਾਂ ਪੁਲਿਸ ਨੇ ਰਸਤੇ ’ਚ ਬੈਰੀਕੇਡ ਲਾ ਕੇ ਰੋਕ ਲਿਆ। ਪ੍ਰਦਰਸ਼ਨਕਾਰੀਆਂ ਦੇ ਮਾਰਚ ਨੂੰ ਦੇਖਦਿਆਂ ਪੁਲਿਸ ਅਤੇ ਪ੍ਰਸ਼ਾਸਨ ਵੱਲੋਂ ਪਿੰਡ ਸਤੌਜ ਨੂੰ ਜਾਣ ਵਾਲੇ ਸਾਰੇ ਮੁੱਖ ਰਸਤਿਆਂ ’ਤੇ ਭਾਰੀ ਬਲ ਤੈਨਾਤ ਕਰ ਦਿੱਤਾ ਗਿਆ। ਪ੍ਰਸ਼ਾਸਨ ਨੇ ਸਤੌਜ ਰੋਡ ਨੂੰ ਵੱਡੇ-ਵੱਡੇ ਬੈਰੀਗੇਡ ਲਗਾ ਕੇ ਪੂਰੀ ਤਰ੍ਹਾਂ ਬਲਾਕ ਕਰ ਦਿੱਤਾ ਸੀ ਤਾਂ ਜੋ ਧਰਨਾਕਾਰੀਆਂ ਨੂੰ ਪਿੰਡ ਵਿੱਚ ਦਾਖਲ ਹੋਣ ਤੋਂ ਰੋਕਿਆ ਜਾ ਸਕੇ। ਜਿਵੇਂ ਹੀ ਪ੍ਰਦਰਸ਼ਨਕਾਰੀ ਸਤੌਜ ਵੱਲ ਵਧੇ ਤਾਂ ਉਨ੍ਹਾਂ ਨੂੰ ਰੋਕਣ ਲਈ ਪੁਲਿਸ ਵੱਲੋਂ ਬੈਰੀਕੇਡਿੰਗ ਕੀਤੀ ਗਈ। ਪ੍ਰਦਰਸ਼ਨਕਾਰੀਆਂ ਨੇ ਪੁਲਿਸ ਵੱਲੋਂ ਲਗਾਏ ਗਏ ਬੈਰੀਕੇਡ ਤੋੜ ਦਿੱਤੇ ਅਤੇ ਸਤੌਜ ਵੱਲ ਅੱਗੇ ਵਧ ਗਏ। ਇਸ ਦੌਰਾਨ ਮੌਕੇ ’ਤੇ ਪੁਲਿਸ ਅਤੇ ਪ੍ਰਦਰਸ਼ਨਕਾਰੀਆਂ ਵਿਚਕਾਰ ਤਣਾਅ ਵਾਲਾ ਮਾਹੌਲ ਬਣ ਗਿਆ। ਪ੍ਰਦਰਸ਼ਨਕਾਰੀਆਂ ਨੂੰ ਰੋਕਣ ਲਈ ਪੁਲਿਸ ਵੱਲੋਂ ਵਾਟਰ ਕੈਨਨ ਦਾ ਵੀ ਇਸਤੇਮਾਲ ਕੀਤਾ ਗਿਆ। ਪੂਰੇ ਪੰਜਾਬ ਤੋਂ ਪਹੁੰਚੇ ਪ੍ਰਦਰਸ਼ਨਕਾਰੀਆਂ ਉੱਪਰ ਪੁਲਿਸ ਨੇ ਪਾਣੀ ਦੀਆਂ ਬੁਛਾਰਾਂ ਚਲਾਈਆਂ। ਪਾਣੀ ਦੀਆਂ ਤੇਜ਼ ਬੁਛਾਰਾਂ ਦੇ ਬਾਵਜੂਦ ਪ੍ਰਦਰਸ਼ਨਕਾਰੀ ਆਪਣੀ ਮੰਗ ’ਤੇ ਡਟੇ ਰਹੇ ਅਤੇ ਸਤੌਜ ਵੱਲ ਅੱਗੇ ਵਧਣ ਦੀ ਕੋਸ਼ਿਸ਼ ਕਰਦੇ ਰਹੇ। ਪ੍ਰਦਰਸ਼ਨਕਾਰੀਆਂ ਦੀ ਗਿਣਤੀ ਕਰੀਬ ਪੰਜ ਹਜ਼ਾਰ ਦੇ ਆਸ-ਪਾਸ ਦੱਸੀ ਜਾ ਰਹੀ ਹੈ। ਵੱਖ-ਵੱਖ ਵਿਭਾਗਾਂ ਨਾਲ ਸਬੰਧਤ ਮੁਲਾਜ਼ਮਾਂ ਨੇ ਪੁਰਾਣੀ ਪੈਨਸ਼ਨ ਬਹਾਲ ਕਰਨ ਦੀ ਮੰਗ ਨੂੰ ਲੈ ਕੇ ਸਰਕਾਰ ਖ਼ਿਲਾਫ਼ ਰੋਸ ਜ਼ਾਹਰ ਕੀਤਾ। ਮੁਲਾਜ਼ਮਾਂ ਦਾ ਕਹਿਣਾ ਹੈ ਕਿ ਪੁਰਾਣੀ ਪੈਨਸ਼ਨ ਸਕੀਮ ਉਨ੍ਹਾਂ ਦੇ ਭਵਿੱਖ ਦੀ ਸੁਰੱਖਿਆ ਨਾਲ ਜੁੜਿਆ ਅਹਿਮ ਮੁੱਦਾ ਹੈ ਅਤੇ ਸਰਕਾਰ ਨੂੰ ਇਸ ਸਬੰਧੀ ਆਪਣਾ ਵਾਅਦਾ ਪੂਰਾ ਕਰਨਾ ਚਾਹੀਦਾ ਹੈ। ਪ੍ਰਦਰਸ਼ਨਕਾਰੀਆਂ ਨੇ ਕਿਹਾ ਕਿ ਉਹ ਲੰਮੇ ਸਮੇਂ ਤੋਂ ਪੁਰਾਣੀ ਪੈਨਸ਼ਨ ਦੀ ਬਹਾਲੀ ਲਈ ਸੰਘਰਸ਼ ਕਰ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਸਰਕਾਰ ਵੱਲੋਂ ਉਨ੍ਹਾਂ ਦੀ ਮੰਗ ਨੂੰ ਗੰਭੀਰਤਾ ਨਾਲ ਲਿਆ ਜਾਣਾ ਚਾਹੀਦਾ ਹੈ। ਇਸ ਦੌਰਾਨ ਪ੍ਰਦਰਸ਼ਨ ਵਿੱਚ ਮਹਿਲਾ ਮੁਲਾਜ਼ਮਾਂ ਅਤੇ ਬੱਚਿਆਂ ਦੀ ਵੀ ਮੌਜੂਦਗੀ ਦੇਖਣ ਨੂੰ ਮਿਲੀ। ਦੂਜੇ ਪਾਸੇ, ਪ੍ਰਦਰਸ਼ਨ ਦੇ ਮੱਦੇਨਜ਼ਰ ਪ੍ਰਸ਼ਾਸਨ ਵੱਲੋਂ ਸਤੌਜ ਅਤੇ ਆਸ-ਪਾਸ ਦੇ ਇਲਾਕਿਆਂ ਵਿੱਚ ਸੁਰੱਖਿਆ ਦੇ ਪੁਖ਼ਤਾ ਪ੍ਰਬੰਧ ਕੀਤੇ ਗਏ। ਪੁਲਿਸ ਵੱਲੋਂ ਰਸਤਿਆਂ ਨੂੰ ਬੰਦ ਕਰਨ ਦੇ ਨਾਲ ਵੱਡੀ ਗਿਣਤੀ ਵਿੱਚ ਬਲ ਤਾਇਨਾਤ ਕੀਤਾ ਗਿਆ। ਬੈਰੀਕੇਡ ਤੋੜਨ ਅਤੇ ਵਾਟਰ ਕੈਨਨ ਦੀ ਵਰਤੋਂ ਤੋਂ ਬਾਅਦ ਸਥਿਤੀ ਹੋਰ ਤਣਾਅਪੂਰਨ ਬਣ ਗਈ। ਪੁਰਾਣੀ ਪੈਨਸ਼ਨ ਸਾਂਝਾ ਫਰੰਟ ਪੰਜਾਬ ਦੇ ਆਗੂਆਂ ਨੇ ਸਪੱਸ਼ਟ ਕੀਤਾ ਕਿ ਪੁਰਾਣੀ ਪੈਨਸ਼ਨ ਦੀ ਬਹਾਲੀ ਤੱਕ ਉਨ੍ਹਾਂ ਦਾ ਸੰਘਰਸ਼ ਜਾਰੀ ਰਹੇਗਾ। ਅੱਜ ਦੇ ਇਸ ਪ੍ਰਦਰਸ਼ਨ ਦੌਰਾਨ ਤੋਲਾਵਾਲ ਤੋਂ ਸਤੌਜ ਤੱਕ ਦੇ ਰਸਤੇ ’ਤੇ ਪੁਲਿਸ ਅਤੇ ਮੁਲਾਜ਼ਮਾਂ ਵਿਚਕਾਰ ਤਣਾਅ ਦੀ ਸਥਿਤੀ ਨੇ ਪੰਜਾਬ ਵਿੱਚ ਪੁਰਾਣੀ ਪੈਨਸ਼ਨ ਦੇ ਮੁੱਦੇ ਨੂੰ ਇੱਕ ਵਾਰ ਫਿਰ ਚਰਚਾ ਵਿੱਚ ਲਿਆ ਦਿੱਤਾ ਹੈ। ਉਧਰ, ਫਰੰਟ ਦੇ ਤਿੱਖੇ ਪ੍ਰਦਰਸ਼ਨ ਤੋਂ ਬਾਅਦ ਪ੍ਰ.ਸ਼ਾਸਨ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਨਾਲ ਮੀਟਿੰਗ ਕਰਵਾਉਣ ਦਾ ਭਰੋਸਾ ਦਿੱਤਾ ਹੈ। ਫਰੰਟ ਦੀ ਮੀਟਿੰਗ 27 ਅਗਸਤ ਨੂੰ ਕਰਵਾਏ ਜਾਣ ਦੀ ਗੱਲ ਕਹੀ ਗਈ ਹੈ, ਜਿਸ ਤੋਂ ਬਾਅਦ ਪ੍ਰਦਰਸ਼ਨਕਾਰੀਆਂ ਨੇ ਇੱਕ ਵਾਰ ਸੰਘਰਸ਼ ਰੋਕ ਦਿੱਤਾ।



## ਸਤਲੁਜ ਦਰਿਆ ਨੂੰ ਪ੍ਰਦੂਸ਼ਿਤ ਕਰਨ ’ਤੇ ਰੂਪਨਗਰ ਪੁਲਿਸ ਦਾ ਵੱਡਾ ਐਕਸ਼ਨ ; ਹਿਮਾਚਲ ਪ੍ਰਦੇਸ਼ ਦੇ ਉਦਯੋਗਾਂ ’ਤੇ ਦਰਜ ਕੀਤੀ ਗਈ ਐਫਆਈਆਰ




**ਚੰਡੀਗੜ੍ਹ, 23 ਅਗਸਤ (ਆਵਾਜ਼ਿ ਕੌਮ ਬਿਊਰੋ)**-ਰੋਪੜ ਵਿੱਚ ਸਤਲੁਜ ਦਰਿਆ ਦੇ ਪ੍ਰਦੂਸ਼ਣ ਸਬੰਧੀ ਪੰਜਾਬ ਵਿੱਚ ਪਹਿਲੀ ਐਫਆਈਆਰ ਪੁਲਿਸ ਨੇ ਦਰਜ ਕੀਤੀ ਹੈ। ਰੋਪੜ ਦੇ ਵਿਧਾਇਕ ਦਿਨੇਸ਼ ਚੱਢਾ ਦੀ ਸ਼ਿਕਾਇਤ ਦੇ ਆਧਾਰ ’ਤੇ ਹਿਮਾਚਲ ਪ੍ਰਦੇਸ਼ ਦੇ ਉਦਯੋਗਾਂ ਵਿਰੁੱਧ ਇਹ ਮਾਮਲਾ ਦਰਜ ਕੀਤਾ ਗਿਆ ਸੀ। ਮੀਂਹ ਕਾਰਨ ਸਤਲੁਜ ਦਰਿਆ ਵਿੱਚ ਵੱਡੀ ਮਾਤਰਾ ਵਿੱਚ ਗੰਦਗੀ ਜਮ੍ਹਾਂ ਹੋ ਗਈ ਹੈ। ਇਲਜ਼ਾਮ ਹੈ ਕਿ ਹਿਮਾਚਲ ਪ੍ਰਦੇਸ਼ ਦੇ ਉਦਯੋਗਾਂ ਦਾ ਰਹਿੰਦ-ਖੂੰਹਦ ਸਤਲੁਜ ਦਰਿਆ ਵਿੱਚ ਪਹੁੰਚ ਰਿਹਾ ਹੈ, ਜਿਸ ਨਾਲ ਦਰਿਆ ਪ੍ਰਦੂਸ਼ਿਤ ਹੋ ਰਿਹਾ ਹੈ। ਇਹ ਪ੍ਰਦੂਸ਼ਿਤ ਪਾਣੀ ਸਰਹਿੰਦ ਅਤੇ ਬਿਸਤ ਦੁਆਬ ਨਹਿਰਾਂ ਵਿੱਚ ਵੀ ਵਹਿ ਰਿਹਾ ਹੈ। ਐਤਵਾਰ ਸਵੇਰੇ, ਰੋਪੜ ਵਿੱਚ ਸਤਲੁਜ ਦਰਿਆ ਵਿੱਚ ਵੱਡੇ ਪੱਧਰ ’ਤੇ ਮਲਬਾ ਦੇਖਣ ਤੋਂ ਬਾਅਦ, ਪੈਦਲ ਚੱਲਣ ਵਾਲਿਆਂ ਨੇ ਵਿਧਾਇਕ ਦਿਨੇਸ਼ ਚੱਢਾ ਨੂੰ ਸੁਚੇਤ ਕੀਤਾ। ਸੂਚਨਾ ਮਿਲਣ ’ਤੇ, ਵਿਧਾਇਕ ਮੌਕੇ ’ਤੇ ਪਹੁੰਚੇ ਅਤੇ ਸਥਿਤੀ ਦਾ ਜਾਇਜ਼ਾ ਲਿਆ। ਉਨ੍ਹਾਂ ਨੇ ਨਿੱਜੀ ਤੌਰ ’ਤੇ ਪੁਲਿਸ ਨੂੰ ਬਿਆਨ ਦਿੱਤਾ ਅਤੇ ਇਸ ਮਾਮਲੇ ਵਿੱਚ ਐਫਆਈਆਰ ਦਰਜ ਕਰਵਾਈ। ਵਿਧਾਇਕ ਦਿਨੇਸ਼ ਚੱਢਾ ਨੇ ਕਿਹਾ ਕਿ ਹਿਮਾਚਲ ਪ੍ਰਦੇਸ਼ ਦੇ ਉਦਯੋਗਾਂ ਦਾ ਰਹਿੰਦ-ਖੂੰਹਦ ਸਤਲੁਜ ਦਰਿਆ ਵਿੱਚ ਸੁੱਟਿਆ ਜਾ ਰਿਹਾ ਹੈ, ਜਿਸ ਨਾਲ ਦਰਿਆ ਦਾ ਪਾਣੀ ਪ੍ਰਦੂਸ਼ਿਤ ਹੋ ਰਿਹਾ ਹੈ। ਉਨ੍ਹਾਂ ਅੱਗੇ ਕਿਹਾ ਕਿ ਇਹ ਮਾਮਲਾ ਪੰਜਾਬ ਵਿੱਚ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਦੇ ਕੰਮਕਾਜ ’ਤੇ ਵੀ ਸਵਾਲ ਖੜ੍ਹੇ ਕਰਦਾ ਹੈ। ਦਿਨੇਸ਼ ਚੱਢਾ ਨੇ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਦੇ ਕੰਮਕਾਜ ’ਤੇ ਵੀ ਸਵਾਲ ਉਠਾਏ ਅਤੇ ਸਖ਼ਤ ਨਿਯਮਾਂ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਐਨਜੀਟੀ ਦੀਆਂ ਕਾਰਵਾਈਆਂ ਸਿਰਫ਼ ਖ਼ਬਰਾਂ ਦੀਆਂ ਰਿਪੋਰਟਾਂ ਤੱਕ ਸੀਮਤ ਨਹੀਂ ਹੋਣੀਆਂ ਚਾਹੀਦੀਆਂ, ਸਗੋਂ ਜ਼ਮੀਨੀ ਪੱਧਰ ’ਤੇ ਵੀ ਇਨ੍ਹਾਂ ਦੀ ਪਾਲਣਾ ਕੀਤੀ ਜਾਣੀ ਚਾਹੀਦੀ ਹੈ।

## ਸਿੱਖ ਆਗੂ ਹਰਦੀਪ ਸਿੰਘ ਨਿੱਝਰ ਦੇ ਕਤਲ ਮਾਮਲੇ ’ਚ ਵੱਡਾ ਖੁਲਾਸਾ; ਗੈਂਗਸਟਰ ਗੋਲਡੀ ਬਰਾੜ ਦਾ ਕਬੂਲਨਾਮਾ

**ਨਵੀਂ ਦਿੱਲੀ, 23 ਅਗਸਤ (ਆਵਾਜ਼ਿ ਕੌਮ ਬਿਊਰੋ)**-ਲਾਰੈਂਸ ਬਿਸ਼ਨੋਈ ਗੈਂਗ ਨਾਲ ਜੁੜੇ ਕੈਨੇਡੀਅਨ ਗੈਂਗਸਟਰ ਗੋਲਡੀ ਬਰਾੜ ਨੇ ਦਾਅਵਾ ਕੀਤਾ ਹੈ ਕਿ ਉਸਨੇ ਸਿੱਖ ਆਗੂ ਹਰਦੀਪ ਸਿੰਘ ਨਿੱਝਰ ਨੂੰ ਮਾਰਿਆ ਸੀ। ਦੱਸ ਦਈਏ ਕਿ ਨਿੱਝਰ ਦੇ ਕਤਲ ਤੋਂ ਬਾਅਦ ਕੈਨੇਡਾ ਅਤੇ ਭਾਰਤ ਦੇ ਸਬੰਧ ਕਾਫ਼ੀ ਵਿਗੜ ਗਏ ਸਨ। ਕੈਨੇਡਾ ਦੇ ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਭਾਰਤ ’ਤੇ ਨਿੱਝਰ ਦੀ ਮੌਤ ਦੀ ਸਾਜ਼ਿਸ਼ ਰਚਣ ਦਾ ਇਲਜ਼ਾਮ ਲਗਾਇਆ ਸੀ। ਨਿੱਝਰ ਦੀ 2023 ਵਿੱਚ ਇੱਕ ਗੁਰਦੁਆਰੇ ਦੇ ਬਾਹਰ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਦੂਜੇ ਪਾਸੇ ਗੋਲਡੀ ਬਰਾੜ ਸਿੱਧੂ ਮੂਸੇਵਾਲਾ ਦੇ ਕਤਲ ਲਈ ਭਾਰਤ ਵਿੱਚ ਲੋੜੀਂਦਾ ਹੈ। ਸਿੱਖ ਆਗੂ ਪਰਮਜੀਤ ਸਿੰਘ ਪੰਮਾ ਨਾਲ ਗੱਲਬਾਤ ਦੌਰਾਨ, ਗੋਲਡੀ ਬਰਾੜ ਨੇ ਦਾਅਵਾ ਕੀਤਾ ਕਿ ਉਸਨੇ ਨਿੱਝਰ ਨੂੰ ਮਾਰਿਆ ਹੈ। ਬਰਾੜ ਨੇ ਦਾਅਵਾ ਕੀਤਾ ਕਿ ਉਸਨੇ ਗੁਰਦੁਆਰੇ ਦੇ ਅੰਦਰ ਗੋਲੀ ਨਹੀਂ ਚਲਾਈ ਕਿਉਂਕਿ ਇਹ ਗੁਰੂ ਘਰ ਹੈ। ਉਹ ਉਸਦੇ ਬਾਹਰ ਆਉਣ ਦਾ ਇੰਤਜ਼ਾਰ ਕਰ ਰਿਹਾ ਸੀ। ਉਸਨੇ ਕਿਹਾ ਕਿ ਉਸਨੂੰ ਲੱਗਦਾ ਹੈ ਕਿ ਅਰਸ਼ ਡੱਲਾ ਵੀ ਨਿੱਝਰ ਦੀ ਕਾਰ ਵਿੱਚ ਸੀ। ਜੇ ਉਹ ਉਸਦੇ ਨਾਲ ਹੁੰਦਾ ਤਾਂ ਉਹ ਵੀ ਅੱਜ ਜ਼ਿੰਦਾ ਨਾ ਹੁੰਦਾ। ਨਿੱਝਰ ’ਤੇ ਪੰਜਾਹ ਗੋਲੀਆਂ ਚਲਾਈਆਂ ਗਈਆਂ, ਜਿਨ੍ਹਾਂ ਵਿੱਚੋਂ 34 ਗੋਲੀਆਂ ਉਸਨੂੰ ਲੱਗੀਆਂ।





ਦੱਸ ਦਈਏ ਕਿ ਜਦੋਂ ਕੈਨੇਡਾ ਨੇ ਭਾਰਤ ’ਤੇ ਨਿੱਝਰ ਦੇ ਕਤਲ ਦੀ ਸਾਜ਼ਿਸ਼ ਰਚਣ ਦਾ ਇਲਜ਼ਾਮ ਲਗਾਇਆ ਸੀ। ਟਰੂਡੋ ਦੇ ਕਾਰਜਕਾਲ ਦੌਰਾਨ ਭਾਰਤ ਨਾਲ ਕੈਨੇਡਾ ਦੇ ਸਬੰਧ ਵਿਗੜਦੇ ਰਹੇ। ਹਾਲਾਂਕਿ, ਲਿਬਰਲ ਪਾਰਟੀ ਦੇ ਨੇਤਾ ਮਾਰਕ ਕਾਰਨੀ ਦੇ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਕੈਨੇਡਾ ਨਾਲ ਸਬੰਧਾਂ ਵਿੱਚ ਫਿਰ ਸੁਧਾਰ ਹੋਇਆ। ਪਿਛਲੇ ਮਹੀਨੇ, ਕੈਨੇਡੀਅਨ ਅਧਿਕਾਰੀਆਂ ਨੇ ਕਿਹਾ ਸੀ ਕਿ ਨਿੱਝਰ ਦੇ ਕਤਲ ਵਿੱਚ ਭਾਰਤ ਦੇ ਸ਼ਾਮਲ ਹੋਣ ਦਾ ਕੋਈ ਸਬੂਤ ਨਹੀਂ ਹੈ।

ਦੱਸਣਯੋਗ ਹੈ ਕਿ ਲਾਰੈਂਸ ਬਿਸ਼ਨੋਈ 2015 ਤੋਂ ਜੇਲ੍ਹ ਵਿੱਚ ਹੈ। ਇਸ ਦੌਰਾਨ ਗੋਲਡੀ ਬਰਾੜ ਅੰਤਰਰਾਸ਼ਟਰੀ ਪੱਧਰ ’ਤੇ ਆਪਣਾ ਗੈਂਗ ਚਲਾਉਂਦਾ ਹੈ। ਉਹ ਕੈਨੇਡਾ ਵਿੱਚ ਰਹਿੰਦਾ ਹੈ। ਪਿਛਲੇ ਮਹੀਨੇ, ਅਮਰੀਕਾ ਨੇ ਉਸਦੇ ਸਿਰ ’ਤੇ 50,000 ਡਾਲਰ ਦਾ ਇਨਾਮ ਐਲਾਨਿਆ ਸੀ। ਲਾਰੈਂਸ ਬਿਸ਼ਨੋਈ ਗੈਂਗ ਦੇ ਕਈ ਹੋਰ ਗੈਂਗਸਟਰ ਵੀ ਅਮਰੀਕਾ ਦੀ ਨਿਗਰਾਨੀ ਹੇਠ ਹਨ।

## 26/11 ਹਮਲੇ ਦੇ ਮਾਸਟਰਮਾਈਂਡ ਹਾਫ਼ਿਜ਼ ਸਈਦ ਨੂੰ ਸੰਮਨ ਭੇਜੇਗਾ ਭਾਰਤ ! ਪਾਕਿ ਅਧਿਕਾਰੀ ਬਣਨਗੇ ‘ਵਿਚੋਲੇ’



**ਨਵੀਂ ਦਿੱਲੀ, 23 ਅਗਸਤ (ਆਵਾਜ਼ਿ ਕੌਮ ਬਿਊਰੋ)**-ਪਹਿਲਗਾਮ ਹਮਲੇ ਮਗਰੋਂ ਭਾਰਤ ਤੇ ਪਾਕਿਸਤਾਨ ਵਿਚਾਲੇ ਦਾ ਤਣਾਅ ਲਗਾਤਾਰ ਵਧਦਾ ਜਾ ਰਿਹਾ ਹੈ। ਇਸੇ ਦੌਰਾਨ ਭਾਰਤ ਸਰਕਾਰ ਅੱਤਵਾਦੀ ਸੰਗਠਨ ਲਸ਼ਕਰ-ਏ-ਤੋਇਬਾ ਦੇ ਮੁਖੀ ਅਤੇ 26/11 ਮੁੰਬਈ ਹਮਲਿਆਂ ਦੇ ਮਾਸਟਰਮਾਈਂਡ ਹਾਫਿਜ਼ ਸਈਦ ਨੂੰ ਪਹਿਲਗਾਮ ਹਮਲੇ ਦੇ ਮਾਮਲੇ ’ਚ ਕੂਟਨੀਤਕ ਚੈਨਲਾਂ ਰਾਹੀਂ ਸੰਮਨ ਭੇਜਣ ਦੀ ਯੋਜਨਾ ਬਣਾ ਰਹੀ ਹੈ। ਜੰਮੂ-ਕਸ਼ਮੀਰ ਦੀ ਇੱਕ ਵਿਸ਼ੇਸ਼ ਅਦਾਲਤ ਵੱਲੋਂ ਹਾਫਿਜ਼ ਸਈਦ ਖ਼ਿਲਾਫ਼ ਪਹਿਲਗਾਮ ਹਮਲੇ ਨਾਲ ਸਬੰਧਤ ਮਾਮਲੇ ’ਚ ਸੰਮਨ ਜਾਰੀ ਕੀਤੇ ਗਏ ਹਨ। ਕਿਉਂਕਿ ਹਾਫਿਜ਼ ਸਈਦ ਇਸ ਸਮੇਂ ਪਾਕਿਸਤਾਨ ’ਚ ਹੈ, ਇਸ ਲਈ ਭਾਰਤੀ ਵਿਦੇਸ਼ ਮੰਤਰਾਲਾ ਪਾਕਿਸਤਾਨੀ ਅਧਿਕਾਰੀਆਂ ਰਾਹੀਂ ਉਸ ਤੱਕ ਇਹ ਸੰਮਨ ਪਹੁੰਚਾਉਣ ਦੀ ਕਾਰਵਾਈ ਕਰੇਗਾ। ਜਾਂਚ ਏਜੰਸੀਆਂ ਮੁਤਾਬਕ, ਪਹਿਲਗਾਮ ’ਚ ਹੋਏ ਅੱਤਵਾਦੀ ਹਮਲੇ ਦੀ ਸਾਜ਼ਿਸ਼ ਸਰਹੱਦ ਪਾਰ ਪਾਕਿਸਤਾਨ ’ਚ ਬੈਠ ਕੇ ਰਚੀ ਗਈ ਸੀ, ਜਿਸ ’ਚ ਹਾਫਿਜ਼ ਸਈਦ ਅਤੇ ਉਸ ਦੇ ਸੰਗਠਨ ਦਾ ਸਿੱਧਾ ਹੱਥ ਸੀ। ਭਾਰਤ ਅਤੇ ਪਾਕਿਸਤਾਨ ਵਿਚਾਲੇ ਹਵਾਲਗੀ ਸੰਧੀ ਨਾ ਹੋਣ ਦੇ ਬਾਵਜੂਦ, ਭਾਰਤ ਅੰਤਰਰਾਸ਼ਟਰੀ ਮੰਚਾਂ ’ਤੇ ਪਾਕਿਸਤਾਨ ਵੱਲੋਂ ਅੱਤਵਾਦੀਆਂ ਨੂੰ ਦਿੱਤੀ ਜਾ ਰਹੀ ਸਰਪ੍ਰਸਤੀ ਨੂੰ ਬੇਨਕਾਬ ਕਰਨ ਲਈ ਇਹ ਕਾਨੂੰਨੀ ਅਤੇ ਕੂਟਨੀਤਕ ਕਦਮ ਚੁੱਕ ਰਿਹਾ ਹੈ। ਜ਼ਿਕਰਯੋਗ ਹੈ ਕਿ ਭਾਰਤ ਲਗਾਤਾਰ ਪਾਕਿਸਤਾਨ ਤੋਂ ਹਾਫਿਜ਼ ਸਈਦ ਅਤੇ ਹੋਰ ਕਈ ਵਾਂਟੇਡ ਅੱਤਵਾਦੀਆਂ ਦੀ ਹਵਾਲਗੀ ਦੀ ਮੰਗ ਕਰਦਾ ਰਿਹਾ ਹੈ, ਤਾਂ ਜੋ ਉਨ੍ਹਾਂ ਖ਼ਿਲਾਫ਼ ਭਾਰਤੀ ਅਦਾਲਤਾਂ ’ਚ ਮੁਕੱਦਮਾ ਚਲਾਇਆ ਜਾ ਸਕੇ।

### ਮੀਰੀ ਪੀਰੀ ਖਾਲਸਾ ਮਾਰਚ ਦਾ ਦੂਜਾ ਪੜਾਅ

# ਤਖ਼ਤ ਸ੍ਰੀ ਦਮਦਮਾ ਸਾਹਿਬ ਤੋਂ ਜਾਹੋ ਜਲਾਲ ਨਾਲ ਹੋਇਆ ਰਵਾਨਾ

## ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਵੀ ਸੰਗਤਾਂ ਨਾਲ ਵਿਚਾਰ ਸਾਂਝੇ ਕਰਦਿਆਂ ਮੀਰੀ-ਪੀਰੀ ਦੇ ਸਿਧਾਂਤ ਨੂੰ ਸਿੱਖ ਜੀਵਨ ਦਾ ਅਹਿਮ ਅੰਗ ਦੱਸਿਆ













**ਤਲਵੰਡੀ ਸਾਬੋ**, 23 **ਅਗਸਤ (ਗੁਰਜੰਟ ਸਿੰਘ ਨਥੇਹਾ)**- ਗੁਰੂ ਹਰਗੋਬਿੰਦ ਸਾਹਿਬ ਜੀ ਦੇ ਮੀਰੀ-ਪੀਰੀ ਸਿਧਾਂਤ ਨੂੰ ਸਮਰਪਿਤ ਮੀਰੀ ਪੀਰੀ ਖਾਲਸਾ ਮਾਰਚ ਦੇ ਦੂਜੇ ਪੜਾਅ ਦਾ ਵਿਸ਼ਾਲ ਕਾਫ਼ਲਾ ਅੱਜ ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ ਤੋਂ ਖਾਲਸਾਈ ਜਾਹੋ-ਜਲਾਲ ਨਾਲ ਰਵਾਨਾ ਹੋਇਆ।ਇਸ ਮੌਕੇ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਸ਼ਿਰਕਤ ਕਰਦਿਆਂ ਮਾਰਚ ਪ੍ਰਤੀ ਆਪਣੀ ਸ਼ਰਧਾ ਅਤੇ ਉਤਸ਼ਾਹ ਦਾ ਪ੍ਰਗਟਾਵਾ ਕੀਤਾ। ਮਾਰਚ ਦੀ ਰਵਾਨਗੀ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍ਰ. ਹਰਜਿੰਦਰ ਸਿੰਘ ਧਾਮੀ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਟੇਕ ਸਿੰਘ ਧਨੌਲਾ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਸੰਗਤਾਂ ਦੀ ਵੱਡੀ ਸ਼ਮੂਲੀਅਤ ਨਾਲ ਕਾਫ਼ਲਾ ਤਖ਼ਤ ਸ੍ਰੀ ਦਮਦਮਾ ਸਾਹਿਬ ਤੋਂ ਰਵਾਨਾ ਹੋ ਕੇ ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ ਵਿਖੇ ਪਹੁੰਚਿਆ, ਜਿੱਥੇ ਯੂਨੀਵਰਸਿਟੀ ਪ੍ਰਬੰਧਕਾਂ ਵੱਲੋਂ ਮਾਰਚ ਵਿੱਚ ਸ਼ਾਮਲ ਸ਼ਖ਼ਸੀਅਤਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।


ਆਵਾਜ਼ਿ ਕੌਮ
AWAZE QAUM
International Newspaper & WEB TV

ਇਸ ਉਪਰੰਤ ਮਾਰਚ ਦਾ ਮੁੱਖ ਪੜਾਅ ਜਗਾ ਰਾਮ ਤੀਰਥ ਵਿਖੇ ਹੋਇਆ। ਇੱਥੇ ਭਾਰੀ ਗਿਣਤੀ ਵਿੱਚ ਸੰਗਤਾਂ ਦੀ ਹਾਜ਼ਰੀ ਵਿੱਚ ਸ੍ਰ. ਹਰਜਿੰਦਰ ਸਿੰਘ ਧਾਮੀ ਅਤੇ ਜਥੇਦਾਰ ਕੁਲਦੀਪ ਸਿੰਘ ਗੜਗੱਜ ਵੱਲੋਂ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਸਾਂਝੀਆਂ ਕੀਤੀਆਂ ਗਈਆਂ ਅਤੇ ਮੀਰੀ-ਪੀਰੀ ਦੇ ਸਿਧਾਂਤ ਦੀ ਮਹੱਤਤਾ ਤੋਂ ਜਾਣੂ ਕਰਵਾਇਆ ਗਿਆ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਇਸ ਮੀਰੀ ਪੀਰੀ ਖਾਲਸਾ ਮਾਰਚ ਦੀ ਸ਼ੁਰੂਆਤ 24 ਜੁਲਾਈ ਤੋਂ ਹੋਈ ਸੀ ਅਤੇ ਇਸ ਦੀ ਸੰਪੂਰਨਤਾ ਅਗਲੇ ਮਹੀਨੇ 4 ਸਤੰਬਰ ਨੂੰ ਹੋਵੇਗੀ। ਉਨ੍ਹਾਂ ਕਿਹਾ ਕਿ ਮਾਰਚ ਦਾ ਮੁੱਖ ਮਕਸਦ ਗੁਰੂ ਨਾਨਕ ਸਾਹਿਬ ਜੀ ਦੇ ਸਿਧਾਂਤਾਂ ਦਾ ਪ੍ਰਚਾਰ ਅਤੇ ਪ੍ਰਸਾਰ ਕਰਨਾ ਅਤੇ ਸੰਗਤਾਂ ਨੂੰ ਗੁਰੂ ਦੇ ਲੜ ਲੱਗਣ ਲਈ ਪ੍ਰੇਰਿਤ ਕਰਨਾ ਹੈ। ਉਨ੍ਹਾਂ ਕਿਹਾ ਕਿ ਗੁਰੂ ਹਰਗੋਬਿੰਦ ਸਾਹਿਬ ਜੀ ਵੱਲੋਂ ਬਖ਼ਸ਼ਿਆ ਗਿਆ ਮੀਰੀ-ਪੀਰੀ ਦਾ ਸਿਧਾਂਤ ਸਿੱਖ ਪੰਥ ਕੋਲ ਮੌਜੂਦ ਇੱਕ ਅਮੋਲਕ ਖ਼ਜ਼ਾਨਾ ਹੈ, ਜਿਸ ਨੂੰ ਸਮਝਣ, ਸੰਭਾਲਣ ਅਤੇ ਅਗਲੀ ਪੀੜ੍ਹੀ ਤੱਕ ਪਹੁੰਚਾਉਣ ਦੀ ਲੋੜ ਹੈ। ਉਨ੍ਹਾਂ ਸੰਗਤਾਂ ਨੂੰ ਗੁਰਬਾਣੀ ਅਤੇ ਗੁਰੂ ਸਾਹਿਬਾਨ ਵੱਲੋਂ ਦਰਸਾਏ ਮਾਰਗ ਨਾਲ ਜੁੜਨ ਦੀ ਅਪੀਲ ਵੀ ਕੀਤੀ। ਇਸ ਮੌਕੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਵੀ ਸੰਗਤਾਂ ਨਾਲ ਵਿਚਾਰ ਸਾਂਝੇ ਕਰਦਿਆਂ ਮੀਰੀ-ਪੀਰੀ ਦੇ ਸਿਧਾਂਤ ਨੂੰ ਸਿੱਖ ਜੀਵਨ ਦਾ ਅਹਿਮ ਅੰਗ ਦੱਸਿਆ। ਉਨ੍ਹਾਂ ਕਿਹਾ ਕਿ ਸਿੱਖ ਕੌਮ ਨੂੰ ਆਪਣੇ ਮਹਾਨ ਵਿਰਸੇ, ਗੁਰਮਤਿ ਸਿਧਾਂਤਾਂ ਅਤੇ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਨਾਲ ਮਜ਼ਬੂਤੀ ਨਾਲ ਜੁੜ ਕੇ ਚੱਲਣ ਦੀ ਲੋੜ ਹੈ।ਇਸ ਮੌਕੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਹਲਕਾ ਇੰਚਾਰਜ ਸ੍ਰ. ਰਵੀਪਰੀਤ ਸਿੰਘ ਸਿੱਧੂ, ਜਸਵਿੰਦਰ ਸਿੰਘ ਜੈਲਦਾਰ, ਅਕਾਲੀ ਆਗੂ ਗੁਰਮੇਲ ਸਿੰਘ ਘਈ ਤਲਵੰਡੀ ਸਾਬੋ, ਡੇਰਾ ਬਾਬਾ ਸੰਧਿਆ ਦਾਸ ਦੇ ਗੱਦੀ ਨਸ਼ੀਨ ਬਾਬਾ ਹਰਬੰਸ ਦਾਸ, ਗੁਰੂ ਕਾਸ਼ੀ ਯੂਨੀਵਰਸਿਟੀ ਦੇ ਪ੍ਰੋ. ਗੁਰਜੀਤ ਸਿੰਘ ਖਾਲਸਾ, ਜੈਲਦਾਰ ਦਰਸ਼ਨ ਸਿੰਘ ਜਗਾ ਰਾਮ ਤੀਰਥ, ਚੜ੍ਹਦੀਕਲਾ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਜੱਗਾ ਸਿੰਘ ਸਿੱਧੂ, ਬਾਬਾ ਜੱਸਾ ਸਿੰਘ ਕੁੰਡਲ ਅਤੇ ਹੈੱਡ ਗ੍ਰੰਥੀ ਗੁਰਦੁਆਰਾ ਸਾਹਿਬ ਜਗਾ ਸਮੇਤ ਵੱਡੀ ਗਿਣਤੀ ਵਿੱਚ ਧਾਰਮਿਕ, ਸਮਾਜਿਕ ਅਤੇ ਇਲਾਕੇ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਹਾਜ਼ਰ ਸਨ।

ਆਵਾਜ਼ਿ ਕੌਮ
AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death

Sant Jarnail Singh Ji Khalsa Bhindranwale

www.damdamitaksal.net





ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA WAHEGURU JI KI FATEH

ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano

ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia

ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran

ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi

ਗਤਕਾ ਸਿੱਖੋ Learn Gatka

www.damdamitaksal.net



ਆਵਾਜ਼ਿ ਕੌਮ
Daily Newspaper from U.K.

Publisher/Chief Editor
**Raghbir Singh Walsal**
E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7I
Contact :
+447458381111
+447976210161
+919729091243




ਭਾਈ ਰਘਬੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


ਦੇਗ ਤੇਗ ਫ਼ਤਿਹ – ਪੰਥ ਕੀ ਜੀਤ

ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋ ਪਾਵਾ ॥

ਧੰਨ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਤੇ ਮਾਤਾ ਸਾਹਿਬ ਕੌਰ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ



ਧੰਨ-ਧੰਨ ਮਾਤਾ ਸਾਹਿਬ ਕੌਰ ਜੀ

## ਗੁਰਮਤਿ ਸਮਾਗਮ

**1 ਨਵੰਬਰ 2026, ਦਿਨ ਐਤਵਾਰ ਨੂੰ**

ਬੱਬਰਾਂ ਦੇ ਹਾਈ ਕੋਰਟ ਗੁਰਦੁਆਰਾ ਸ਼ਹੀਦਾਂ, ਜੱਸੋਵਾਲ ਵਿਖੇ ਬੜੀ ਸ਼ਰਧਾ ਨਾਲ ਕਰਵਾਇਆ ਜਾ ਰਿਹਾ ਹੈ।



ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ

ਲੜੀ ਅਰੰਭ ਸ੍ਰੀ ਅਖੰਡ ਪਾਠ ਸਾਹਿਬ -20 ਅਕਤੂਬਰ, ਮੰਗਲਵਾਰ, ਸਵੇਰੇ 10 ਵਜੇ | ਲੜੀ ਭੋਗ ਸ੍ਰੀ ਅਖੰਡ ਪਾਠ ਸਾਹਿਬ -1 ਨਵੰਬਰ, ਐਤਵਾਰ, ਸਵੇਰੇ 9 ਵਜੇ



ਜੋੜ ਮੇਲੇ ਵਿੱਚ ਸਿੰਘ ਸਾਹਿਬਾਨ, ਦਮਦਮੀ ਟਕਸਾਲ, ਸੰਤ ਮਹਾਂਪੁਰਸ਼, ਸੰਪਰਦਾਵਾਂ ਦੇ ਮੁਖੀ, ਨਿਹੰਗ ਸਿੰਘ ਜਥੇਬੰਦੀਆਂ, ਸ਼੍ਰੋਮਣੀ ਕਮੇਟੀ ਮੈਂਬਰ, ਨਿਰਮਲੇ, ਉਦਾਸੀ, ਧਾਰਮਿਕ, ਕਿਸਾਨ ਆਗੂ, ਹਰ ਪਾਰਟੀ ਦੇ ਸਿਆਸੀ ਲੀਡਰ, ਇੰਟਰਨੈਸ਼ਨਲ ਪੰਥਕ ਦਲ ਯੂ.ਕੇ. ਅਤੇ ਭਾਰਤ ਦੇ ਸਮੂਹ ਅਹੁਦੇਦਾਰ ਅਤੇ ਨਾਮਵਰ ਰਾਗੀ-ਢਾਡੀ-ਕਵੀਸ਼ਰ ਜਥੇ ਪਹੁੰਚ ਰਹੇ ਹਨ।

**ਨੋਟ : ਇਹ ਸਮਾਗਮ 13 ਦਿਨ ਚੱਲੇਗਾ**

ਸਮੂਹ ਸੰਗਤ ਨੂੰ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ। ਗੁਰੂ ਦੇ ਲੰਗਰ ਅਤੇ ਚਾਹ ਪਕੌੜਿਆਂ ਦੇ ਲੰਗਰ ਅਤੁੱਟ ਵਰਤਣਗੇ।

ਬੇਨਤੀ ਕਰਤਾ **ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ 98141-27470**

ਜਥੇਦਾਰਨੀ ਬੀਬੀ ਸੁਰਿੰਦਰ ਕੌਰ 73408-35137

ਦਮਦਮੀ ਟਕਸਾਲ ਵਾਲੇ ਅੰਤਰਰਾਸ਼ਟਰੀ ਮੁੱਖ ਬੁਲਾਰਾ ਇੰਟਰਨੈਸ਼ਨਲ ਪੰਥਕ ਦਲ

ਜਾਰੀ ਕਰਤਾ : ਭਾਈ ਜਰਨੈਲ ਸਿੰਘ ਵਿੱਲੋਂ, ਬੀਬੀ ਅਰਸ਼ਪ੍ਰੀਤ ਕੌਰ 84278-66404, ਜ: ਹਰਜੋਤ ਸਿੰਘ ਵਿੱਲੋਂ, ਜ: ਮਹਿਤਾਬ ਸਿੰਘ ਵਿੱਲੋਂ

ਸੰਪਰਕ ਨੰਬਰ 84278-66404


Vehicle360
Professional Car Repairs & Servicing
West Bromwich
CAR SERVICES – ALL MAKES & MODELS
FREE VEHICLE HEALTH CHECK
Full & Interim Servicing
Diagnostics & Fault Finding
Clutches & Gearboxes
Timing Chains & Cambelts
DPF & Engine Repairs
Brakes, Suspension & Exhausts
Experienced mechanics
(7–10 years)
Honest advice & fair pricing
Quality / OEM parts used
CALL NOW: 0121 269 9586
12 Ridgacre Rd, West Bromwich, B71 1DB
Your local trusted garage
ਆਵਾਜ਼ਿ ਕੌਮ
AWAZE QAUM
International Newspaper & WEB TV

# ‘ਕਣਕ ਖੇਤ, ਕੁੜੀ ਪੇਟ-ਆ ਜਵਾਈਆ ਮੰਡੇ ਖਾਹ’




ਪਰਮਿੰਦਰ ਸਿੰਘ ਬੱਲ
ਪ੍ਰਧਾਨ ਸਿੱਖ ਫੈਡਰੇਸ਼ਨ ਯੂ. ਕੇ.
Email:psbal46@gmail.com

ਪੰਜਾਬ ਵਿੱਚ ਆ ਰਹੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਦਾ ਮੈਦਾਨ ,ਅਜੀਬ ਕਿਸਮ ਨਾਲ ਭਖਿਆ ਹੋਇਆ ਹੈ । ਜੇ ਸਿਆਸੀ ਪਿੜ ਲਈਏ ਤਦ ਕੋਈ ਵੀ ਪੱਧਰ ਦੀ ਧਿਰ ਦੀ ਸੁਹਿਰਦਤਾ ਨਜ਼ਰ ਨਹੀਂ ਆ ਰਹੀ , ਜੋ ਆਪਣੀ ਸਥਿਰਤਾ ਉੱਤੇ ਪਹਿਰਾ ਦਿੰਦੇ ਲੋਕ ਸੇਵਾ ਦੀ ਲਗਨ ਦਿਸਦੇ ਹੋਣ । ਹਰ ਪਾਸਿਓਂ ਭਾਂਵੇ ਨਵਾਂ ਮਾਹੌਲ ਦੱਸਿਆ ਜਾ ਰਿਹਾ ਹੈ , ਪਰ ਭੰਨ ਤੋੜ ਦੀ ਧੜੇਬੰਦੀ ਨੇ ਕਿਸੇ ਵੀ ਪਾਰਟੀ ਨੂੰ ਕੁਝ ਕਹਣ ਦਸਣ ਜੋਗਾ ਨਹੀਂ ਛੱਡਿਆ । ਲੋਕਾਂ ਦੀ ਵੀ ਅਜਿਹੀ ਹੀ ਪਹੁੰਚ ਹੈ , ਕਿ ਉਹ ਵੋਟ ਦੀ ਸਹੀ ਵਰਤੋਂ ਨਾਲੋਂ , ਉਹ ਚੱਲ ਰਹੇ ਬਹੁ ਰੰਗੀ ਢੋਲ ਵਿੱਚੋਂ ਹੀ ਕੁਝ ਸੁਣਨਾ ਪਸੰਦ ਕਰ ਰਹੇ ਹਨ । ਸਿੱਖ ਕੌਮ ਦੇ ਹੱਕਾਂ ਦੇ ਨਾਅਰਿਆਂ ਨਾਲ ਭਰਪੂਰ ਢੌਂਗ ਵੀ ਹਰ ਪਾਸਿਓਂ ਆਪਣੇ ਆਪਣੇ ਰੰਗ ਵਿੱਚ ਕਾਇਮ ਹੈ । ਪੰਜਾਬ ਹੱਦੋਂ ਵੱਧ ਕਰਜ਼ੇ ਹੇਠਾਂ ਦੱਬਿਆ ਹੋਇਆ ਹੈ । ਪੰਜਾਬ ਦੀ ਇਕਾਨਮੀ ਦੀ ਦਰ ਨੂੰ ਉੱਚਾ ਚੁੱਕਣਾ , ਉਸ ਬਾਰੇ ਕੋਈ ਪਲੈਨਿੰਗ , ਸੰਕੇਤ ਕੋਈ ਧਿਰ ਵੀ ਕੋਈ ਫ਼ਾਰਮੂਲਾ ਘੜ ਕੇ ਅਗਾਹ ਨਹੀਂ ਕਰ ਰਹੀ । ਸਿਰਫ ਦੂਸ਼ਣ ਬਾਜ਼ੀ , ਚੋਣ ਲੜਨ , ਲੜਾਉਣ ਦਾ ਚਾਅ ਹੀ ਇਕ ਮੈਨਿਫੈਸਟੋ ਹੈ । ਪਰਿਵਾਰ ਵਾਦ ਦੇ ਕਲੇਮ ਤੇ ਧੌਂਸ ਧੜਿਆਂ ਦੀ ਬਣਤਰ ਬਣੀ ਹੋਈ ਹੈ । ਪੰਜਾਬ ਇਕ ਬਹੁ ਪੱਖੀ ਸਮਾਜਿਕ ਢਾਂਚਾ , ਅਤ ਦਰਜੇ ਦੀ ਬੇਰੁਜ਼ਗਾਰੀ ਵਾਲੀ ਸਰਹੱਦੀ ਸਟੇਟ ਹੈ । ਸਿਆਸਤਦਾਨ ਅਜਿਹਾ ਦੇਖਦੇ ਹੋਏ ਵੀ ਪੱਖਪਾਤੀ ਜਿਹੀ ਗਿਰਾਵਟ ਦੀ ਸੋਚ ਲਈ ਫਿਰਦੇ ਹਨ । ਅਕਾਲੀ , ਕਾਂਗਰਸ,ਆਪ ਅਤੇ ਵਾਰਿਸ ਅਕਾਲੀ ਧੜਾ ਪੈਰ ਲਾ ਕੇ ਇਕ ਵੱਖਰੇ ਰੁਖ ਦੀ ਸਿਆਸਤ ਦਾ ਦਿਖਾਵਾ ਕਰ ਰਿਹਾ ਹੈ । ਇਸ ਵਾਰ ਹੈਰਾਨੀ ਹੀ ਨਹੀਂ ਸਗੋਂ ਇਕ ਮਖੌਲ ਜ਼ਿਆਦਾ ਡਰਾਮਾ ਬਣ ਗਿਆ ਹੈ । ਅਜੇ ਉਮੀਦਵਾਰ ਨੇ ਨਾਮ ਦੇਣੇ , ਲਿਸਟ ਬਣਨੀ ਅਜੇ ਬਾਕੀ ਹੈ , ਪਰ ਮੁੱਖ ਮੰਤਰੀ ਦੇ ਕਲੇਮ ਦੇ ਦਾਅਵੇਦਾਰ ਪਹਿਲਾਂ ਤੋਂ ਹੀ ਪ੍ਰਚਾਰੇ ਜਾ ਰਹੇ ਹਨ । ਕੱਲ ਤੱਕ ਜੋ ਸਿਰਫ ਸਿੱਖ ਅਦਾਰਿਆਂ ਤੱਕ ਸੀਮਤ ਸਨ, ਦੇਸ਼ ਦੇ ਵਿਧਾਨ ਤੋਂ ਮੁਨਕਰ ਹੋ ਕੇ ਗੁਮਰਾਹ ਕਰਦੇ ਸਨ , ਅਜ ਉਹ ਅਸੰਬਲੀ ਵਿੱਚ ਦਾਖਲ ਹੋਣ ਵਾਸਤੇ , ਦੀਨੋ - ਬੇਦੀਨ ਬਿਆਨ ਦੇ ਰਹੇ ਹਨ । ਭਗਵੰਤ ਮਾਨ, ਸੁਖਬੀਰ ਬਾਦਲ, ਚੰਨੀ ,ਬਾਜਵੇ , ਰਾਜਾ ਵੜਿੰਗ ਦੀ ਸਿਆਸਤ ਆਪਸੀ ਬਿਆਨਬਾਜ਼ੀ ਵਿੱਚ ਸਰਗਰਮ ਹੈ । ਅੰਮ੍ਰਿਤਪਾਲ ਦੇ ਬਾਪ ਤਰਸੇਮ ਸਿੰਘ ਦਾ ਬਿਆਨ ਸੀ ਕਿ ਕਾਂਗਰਸੀ ਚੰਨੀ ਬਹੁਤ ਸੁਹਿਰਦ ਆਗੂ ਹੈ । ਅਸੀਂ ਹਰੇਕ ਨਾਲ ਸਾਂਝ ਲਈ ਤਿਆਰ ਹਾਂ ਐਂਡੀ ਤੇਜ਼ੀ ਨਾਲ ਮੁੱਖ ਮੰਤਰੀ ਦੀ ਕੁਰਸੀ ਵੱਲ , ਸਾਰੇਆਂ ਦੇ ਵੱਖ ਵੱਖ ਨਾਮ ਤੁਰ ਰਹੇ ਹਨ । ਲੋਕ ਜਾਂ ਇਹ ਧਿਰਾਂ ਇਹ ਦਾਅਵਾ ਕਰ ਰਹੀਆਂ ਹਨ ਮੁੱਖ ਮੰਤਰੀ ਸਾਡਾ ਪੁੱਤ ਬਣੇ , ਇਸ ਵੋਟ ਲਈ ਹਰੇਕ ਪੰਜਾਬੀ , ਬਿਹਾਰੀ ਦੀਆਂ ਮਿੰਨਤਾਂ ਹੋਣਗੀਆਂ । ਤਰਸੇਮ ਸਿੰਘ ਹੋਰੀ ਸ਼ਾਇਦ ਸਹੀ ਹੀ ਹੱਲ ਕਰ ਰਹੇ ਹਨ , ਕਿ ਪਿਛੋਕੜ ਤਾਂ ਹੁਣ ਤੱਕ ਕਾਂਗਰਸੀ ਹੀ ਰਿਹਾ ਹੈ , ਫਿਰ ਜੇਲੋਂ ਵੀ ਪੁੱਤ ਹੀ ਤਾਂ ਬਾਹਰ ਕੱਢਣਾ ਜ਼ਰੂਰੀ ਹੈ , ਬਾਕੀ ਦਹਾਕਿਆਂ ਤੋਂ ਜੇਹਲਾਂ ਵਿਚ ਡੱਕਿਆਂ ਨਾਲ ਕੋਈ ਮਤਲਬ ਨਹੀ ਹੈ । ਸ਼ਾਂਤੀ ਦੇ ਮੁਜ਼ਾਹਰੇਆਂ ਦਾ ਇਕੱਠ ਸੱਦ ਕੇ , ਉੱਥੇ ਤਿੰਨ ਫੁੱਟੀਆਂ ਨੰਗੀਆਂ ਤਲਵਾਰਾਂ ਦੀ ਭਰਮਾਰ, ਕਿਸ ਜੰਗ ਜਾਂ ਬੇਨਿਯਮੀ ਦਾ ਸੁਨੇਹਾ ਸੀ , ਕਿਸੇ ਸਾਲਾਂ ਬੱਧੀ ਕੈਦੀਆਂ ਨੂੰ ਪੇਰੋਲ ਮਿਲ ਹੀ ਨਾ ਸਕੇ । ਜਿਵੇਂ ਲਿਖਿਆ ਕਿ ਅਜੇ ਵੋਟਾਂ 2027 ਵਿੱਚ ਹਨ , ਮੁੱਖ ਮੰਤਰੀ ਦਾ ਸੁਪਨਾ ਕਿਵੇਂ ਪੈਦਾ ਕਰ ਲਿਆ । ਇੱਥੇ ਵੀ ਪੰਜਾਬੀ ਕਹਾਵਤ ਹੀ ਢੁੱਕਦੀ ਹੈ , ਮੌਕਾਤਾੜੂ ਪਰਿਵਾਰਕ ਪ੍ਰਾਪੇਗੰਡਾ " ਕਣਕ ਖੇਤ , ਕੁੜੀ ਪੇਟ, ਆ ਜਵਾਈਆ ਮੰਡੇ ਖਾ " ਲੋਕਾਂ ਨੂੰ ਪੰਥ ਹੋਣ ਦਾ ਬੁਰਕਾ , ਚੌਧਰ ਲਈ ਕਾਂਗਰਸ ਗੰਢ-ਤੁਪ , ਪੁਰਾਣੇ ਖਾਨਦਾਨੀ ਨਾਤਿਆਂ ਦਾ ਆਧਾਰ ਹੀ ਹੈ । ਲੋਕਾਂ ਵਿੱਚ ਟਿਕਟ ਵੰਡ ਕਰਨ ਦੀ ਗਰਮ ਜੋਸ਼ੀ ਤੇ ਪੈਸੇ ਇਕੱਤਰ ਕਰਨ ਦਾ ਸੁਨਿਹਿਰੀ ਮੌਕਾ ਵੀ ਇਹੀ ਅਪਨਾਇਆ ਹੋਇਆ ਹੈ । ਪੁਨਰ ਸੁਰਜੀਤ ਅਕਾਲੀ ਦਲ ਵਲੋਂ ਵੀ ਸਿੱਖਾਂ ਵਿਚ ਖੋਹਾ ਖੋਹੀ ਦੇ ਬਿਆਨ ਜਾਂ ਸੁਖਬੀਰ ਬਾਦਲ ਵਿਰੁੱਧ ਅਹਿੰਸਕ ਬਿਆਨਬਾਜ਼ੀ ਬਿਨਾਂ ਕੁਝ ਨਹੀਂ । ਇਸ ਵਿਚੋਂ ਵੀ ਇਆਲੀ ਵਰਗੇ ਨੂੰ ਕੁਝ ਨਜਰ ਨਾ ਆਇਆ , ਉਸ ਨੇ ਆਸ ਲਾ ਕੇ ਵਾਰਿਸ ਦਲ ਵੱਲ ਰੁਖ ਕੀਤਾ । ਪਰ ਤੁਰੰਤ ਅੰਮ੍ਰਿਤਪਾਲ ਦੀ ਮਾਤਾ ਨੇ ਪਰਿਵਾਰਕ ਸਟੈਂਡ ਨੂੰ ਪਰਪੱਕ ਕਹਿਕੇ ਦੱਸ ਦਿੱਤਾ ਕਿ ਮੁੱਖਮੰਤਰੀ ਪੁੱਤਰ , ਅੰਮ੍ਰਿਤਪਾਲ ਹੀ ਬਣੇਗਾ । ਹੁਣਬਾਪੂ ਦੀ ਕਾਂਗਰਸੀ ਚੰਨੀ ਨਾਲ ਚੱਲ ਰਹੀ ਵਾਰਤਾ , ਸਿੱਖਾਂ ਲਈ ਸਵਾਲ ਖੜੇ ਕਰਦੀ ਹੈ , ਕਿ ਘਲੂਘਾਰਾ ਦੁਖਾਂਤ ਵਰਤਾਉਣ ਵਾਲੀ ਧਿਰ ਕਿਵੇਂ ਇਕੱਠੀ ਹੋ ਰਹੀ ਹੈ । ਅੰਮ੍ਰਿਤਸਰ ਅਕਾਲੀ ਦਲ ਦੇ ਮਾਨ ਨੇ ਆਪਣੇ ਉਮੀਦਵਾਰ ਉਤਾਰ ਦਿੱਤੇ ਹਨ । ਸਦਾ ਦੀ ਤਰਾਂ ਪੈਸੇ ਲੈ ਕੇ ਬਹਿ ਜਾਣ ਦਾ ਫਾਇਦਾ ਲੈਣ ਦਾ ਇਹਨਾਂ ਦਾ ਵੀ ਸੁਨਹਿਰੀ ਮੌਕਾ ਹੁੰਦਾ , ਹਰ ਚੋਣ ਵਿੱਚ ਜ਼ਥੇਦਾਰਾਂ ਦਾ ਵੀ ਦੋਗਲਾਪਣ ਦੇਖੋ ਕਿ "ਸਿਮਰਨਜੀਤ ਸਿੰਘ ਮਾਨ ਦੇ ਪੁੱਤਰ , ਈਮਾਨ ਸਿੰਘ ਦਾ ਬਿਆਨ ਹੈ ਕਿ ਤੱਤੀ ਤਵੀ ਤੇ ਬੈਠ ਕੇ ਗੁਰੂ ਅੰਗਦ ਦੇਵ ਜੀ ਨੇ ਸ਼ਹੀਦੀ ਦਿੱਤੀ " , ਇਹ ਸਿੱਖ ਆਗੂ ਹੋਣ ਵਜੋ , ਝੂਠ ਦਾ ਉਪੱਦਰ ਕਰ ਰਿਹਾ , ਪਰ ਕਿਸੇ ਜਥੇਦਾਰ ਨੇ ਅਕਾਲ ਤਖਤ ਤੇ ਪੇਸ਼ ਹੋਣ ਲਈ ਨਹੀਂ ਕਿਹਾ , ਭਗਵੰਤ ਮਾਨ , ਜੋ ਕਿ ਕੇਸਾਧਾਰੀ ਸਿਖ ਵੀ ਨਹੀਂ , ਪਰ ਉਸ ਨੂੰ ਸਿਆਸੀ ਅਸੰਬਲੀ ਧਿਰ ਦਾ ਟਕਰਾਓ ਹੋਣ ਕਰਕੇ , ਉਸ ਦੁਆਲੇ ਐਸ਼ ਜੀ ਪੀ ਸੀ ਤੇ ਅਕਾਲੀ ਦਲ ਦੀ ਸਾਰੀ ਮਸ਼ੀਨਰੀ ਨੂੰ ਲਾ ਦਿੱਤਾ ਸੀ । ਕੀ ਜਥੇਦਾਰ ਸਾਹਿਬ ਨੂੰ ਇਤਨਾ ਪੱਖਪਾਤੀ ਹੋਣਾ ਜ਼ਰੂਰੀ ਸੀ ? ਜਾਂ ਮਾਨ ਜਿਹੇ ਰਜਵਾੜੇਆਂ ਨੂੰ ਛੋਟ ਹੈ , ਸਿੱਖ ਗੁਰੂਆਂ ਬਾਰੇ ਦੋ ਮਰਜੀ ਝੂਠ ਬੋਲੀ ਜਾਣ । ਕੀ ਗੈਰਤ ਜਾਂ ਇਨਸਾਫ , ਨੇੜਲਿਆਂ ਨਾਲ ਕੋਈ ਸਾਂਝ ਤੇ ਨਿਰਭਰ ਹੈ ? ਪੰਜਾਬ ਦੇ ਮੁੱਖ ਮੰਤਰੀ ਪਦਵੀ ਦੀ ਬਾਂਦਰ ਖੇਡ ਨੂੰ ਦੇਖ ਸਾਰਾ ਪੰਜਾਬ ਹੱਸ ਕਿਹਾ ਹੈ , ਕਿ ਕਿਸਤਰਾਂ ਦੇ ਆਗੂ ਹਨ ,ਸਿਆਸਤ ਦੀ ਭੁੱਖ ਤੇ ਕੁਰਸੀ ਖ਼ਾਤਰ ਕਿਤਨੇ ਲਾਲਚੀ ਤੇ ਵਿਕੇ ਹੋਏ ਦਿਸਦੇ ਹਨ । ਇਹਨਾਂ ਨੂੰ ਮੁੱਖ ਮੰਤਰੀ ਦੇ ਨਾਮ ਦਾ ਲਾਲਚ ਕਿੱਥੋਂ ਸੁਨੇਹੇ ਵਿੱਚ ਮਿਲਿਆ ਹੈ । ਅਜੇ ਕੋਈ ਉਮੀਦਵਾਰ ਨਹੀ , ਕੋਈ ਵੋਟ ਨਹੀਂ ਪਈ । ਇਹ ਵੀ ਬਾਂਦਰ ਫੜਨ ਦੇ ਢੰਗ ਦੀ ਕਹਾਵਤ ਤਾਂ ਨਹੀਂ ਹੈ ? ਬਾਂਦਰ ਨੂੰ ਫੜਨ ਵਾਲੇ ਉਸਤਾਦ ਇੱਕ ਪਿੰਜਰੇ ਵਿੱਚ , ਛੋਟੀ ਮੋਰੀ , ਜਿਸ ਵਿੱਚ ਉਸ ਦਾ ਸਿਰਫ ਹੱਥ ਹੀ ਜਾ ਸਕੇ ਅੰਦਰ ਫਲ ਫਰੂਟ ਰੱਖ ਦਿੰਦੇ ਹਨ । ਬਾਂਦਰ ਅੰਦਰ ਹੱਥ ਪਾਕੇ ਫਲ ਚੁੱਕਦਾ ,ਤੇ ਹੱਥ ਦੀ ਮੁੱਠ ਬਣੀ ਹੋਣ ਕਰਕੇ , ਹੱਥ ਬਾਹਰ ਨਹੀਂ ਕੱਢ ਸਕਦਾ,ਬਾਂਦਰ ਹੋਣ ਕਰਕੇ ਉਸ ਨੂੰ ਅਕਲ ਘੱਟ ਹੋਣ ਕਾਰਨ , ਹੱਥੋਂ ਖਾਲੀ ਹੋਣ ਨਾਲ ਉਹ ਬਚ ਸਕਦਾ ਹੈ । ਪਰ ਉਹ ਫੜਿਆ ਜਾਂਦਾ ਹੈ । ਅਸੰਬਲੀ ਵਿੰਧਾਨ ਸਭਾ ਦੇ ਪਿੰਜਰੇ ਵਿਚ ਮੁੱਖ ਮੰਤਰੀ ਦੇ ਨਾਮ ਦੇ ਬਾਲ਼ ਪਏ ਹਨ । ਇਹ ਚਾਹਤ ਵਾਲੇ ਉਸ ਬਾਲ ਦਾ ਸੁਪਨਾ ਲੈ ਕੇ ਹੱਥ ਪਾ ਬੈਠੇ ਹਨ , ਪਰ ਹੱਥ ਖਾਲੀ ਕਰਨ ਦੀ ਅਕਲ ਦੀ ਅਣਹੋਂਦ ਕਰਕੇ , ਇਸੇ ਪ੍ਰਚਾਰ ਵਿਚ ਤਰਲੋ ਮੱਛੀ ਹੋ ਕੇ ਕੁਰਸੀ ਦੇ ਲਾਲਚ ਦੀ ਹੀ ਭੁੱਖ ਖਿਲਾਰ ਰਹੇ ਹਨ । ਪੰਜਾਬ ਤੇ ਸਿੱਖਾਂ ਦੇ ਮਸਲੇ ਇਹਨਾਂ ਦੀ ਸੋਚ ਵਿਚ ਨਹੀਂ ਹਨ । ਇਹਨਾਂ ਨੇ ਕੋਈ ਢਾਂਚੇ ਅਨੁਸਾਰ ਵਾਇਦਾ ਵੀ ਨਹੀਂ ਕੀਤਾ ਕਿ ਇਹ ਪੰਜਾਬ ਵਿਚ ਕੀ ਪਰੀਵਰਤਣ ਜਾਂ ਬਦਲ ਲਿਆਉਣਗੇ । ਸਿੱਖ ਆਗੂ ਹੋ ਕੇ ਮਾਨ ਵਰਗੇ , ਨਕਲੀ ਪੱਟੀਆਂ , ਨਕਲੀ ਖ਼ੂਨ ਦੇ ਡਰਾਮੇ ਕਰਨ ਵਾਲੇ , ਇਹਨਾਂ ਲੋਕਾਂ ਨੇ ਸਿੱਖਾਂ ਅੰਦਰ ਹੀ ਜ਼ਿਹਰ ਘੋਲ ਕੇ ਫੁੱਟ ਵਧਾਈ ਤੇ ਆਪਣੇ ਪੇਟ ਪਾਲੇ ਹਨ । ਪੈਰ ਪੈਰ ਤੇ ਝੂਠ ਦੀ ਅਗਵਾਈ ਕਰਕੇ ਕੌਮ ਨੂੰ ਗੁੰਮਰਾਹ ਕੀਤਾ ਹੈ । ਐਮ ਪੀ , ਐਮ ਐੱਲ ਏ ਬਣ ਕੇ ਸਮੁੱਚੇ ਪੰਜਾਬੀ ਭਾਈਚਾਰੇ ਦੀ ਮੰਨ ਲਾ ਕੇ ਸੇਵਾ ਕਰਨੀ ਹੁੰਦੀ ਹੈ । ਪਰ ਇਹ ਜਿੱਤ ਕੇ " ਗੰਗਾ ਗਏ ਗੰਗਾ ਰਾਮ , ਜਮਨਾ ਗਏ ਜਮਨਾ ਦਾਸ" ਦੀ ਪਰਿਭਾਸ਼ਾ ਅਧੀਨ ਚਲਦੇ ਹਨ । ਇਹ ਪੰਜਾਬ ਵਿੱਚ ਖਾਲਿਸਤਾਨੀ, ਪੰਜਾਬੋ ਬਾਰਡਰ ਟੱਪਦੇ ਹੀ ਜੈ ਹਿੰਦੂਏ, ਸੌਂਹਾਂ ਉਸੇ ਭਾਰਤੀ ਵਿਧਾਨ ਦੀਆਂ ਖਾਂਦੇ ਹਨ , ਜਿਸ ਵਿਧਾਨ ਤੋਂ ਬਾਗ਼ੀ ਹੋਣ ਦਾ ਢੌਂਗ ਕਰਦੇ ਹਨ । ਉਸੇ ਵਿਧਾਨ ਅਧੀਨ ਪਾਰਲੀਮੈਂਟਰੀ , ਭੱਤੇ , ਤਨਖਾਹਾਂ , ਪੈਨਸ਼ਨਾਂ ਲਗਾਤਾਰ ਲੈ ਕੇ ਆਪਣੇ ਹੀ ਪਰਿਵਾਰ ਪਾਲਦੇ ਚਲੇ ਆ ਰਹੇ ਹਨ । ਦੋਗਲਾ ਰੂਪ ਵੀ ਰੱਖਦੇ ਹਨ ਤੇ ਸਿੱਖਾਂ ਵਿਚ ਖ਼ਾਨਾ ਜੰਗੀ ਦੀ ਜੰਗ ਹਮੇਸ਼ਾ ਛੇੜ ਰੱਖਦੇ ਹਨ । ਗਿਆਨੀ ਹਰਪ੍ਰੀਤ ਸਿੰਘ , ਜਥੇਦਾਰ ਹੁੰਦਿਆਂ ਬਾਦਲਾਂ ਦੇ ਪੱਖ ਵਿਚ ਸਿਰ ਧੜ ਦੀ ਬਾਜ਼ੀ ਲਾਉਂਦਾ ਨਹੀਂ ਸੀ ਥੱਕਦਾ । ਪੁਨਰ ਸੁਰਜੀਤ ਧੜੇ ਦਾ ਆਗੂ ਬਣਦਿਆਂ ਹੀ ਇਸ ਦਾ ਸੁਖਬੀਰ ਬਾਦਲ ਵਿਰੁੱਧ ਬਿਆਨ ਸੀ , "ਸੁਖਬੀਰ ਸਿਹਾਂ , ਚੇਤੇ ਰੱਖੀਂ , ਜੇ ਕੋਈ ਬਚਿੱਤਰ ਸਿੰਘ ,ਅਨੰਦਪੁਰੋਂ ,ਕਲਗੀਧਰ ਤੋਂ ਥਾਪੜਾ ਲਾ ਕੇ ਆ ਗਿਆ,ਤਾਂ ਤੇਰੇ ਸਤੇ ਤਵੇ ਚੀਰ ਕੇ ਰੱਖ ਦੇਊ, ਤੇਰੇ ਚੇਲੇ , ਸ਼ੇਲੇ ਪਹਿਲਾਂ ਰਗੜੇ ਜਾਣੇ ਹਨ " ਇਹ ਕੀ ਬੋਲੀ ਹੈ ? ਉਸ ਉਪਰੰਤ ਸੁਖਬੀਰ ਬਾਦਲ ਤੇ ਦੋ ਜਾਨ ਲੇਵਾ ਹਮਲੇ ਹੋਏ ਹਨ । ਸਾਡਾ ਬਾਦਲ ਪਰਿਵਾਰ ਨਾਲ ਕਈ ਦਹਾਕਿਆਂ ਤੋਂ ਵਖਰੇਵਾਂ ਚੱਲਿਆ ਆ ਰਿਹਾ , ਇਤਨੀ ਭੱਦੀ ਤੇ ਨਫ਼ਰਤ ਭਰੀ ਸ਼ਬਦਾਵਲੀ ਤਾਂ ਸਾਡੇ ਗਿਆਨ , ਧਿਆਨ ਵਿਚ ਕਦੇ ਸੁਣੀ ਵੀ ਨਹੀਂ ਗਈ । ਇਹ ਘਟੀਆ ਲੱਛਣ ਪੁਨਰ ਸੁਰਜੀਤ ਅਕਾਲੀ ਦਲ ਲੀਡਰਸ਼ਿਪ ਨੇ ਕਿਹੜੀ ਬੇਗਾਨਗੀ ਵਿੱਚੋਂ ਪੜੇ ਤੇ ਸਿੱਖੇ ਹਨ । ਅੱਜ ਇਹ ਲੋਕ ਸਿਆਸੀ ਸੱਤਾ ਹਾਸਲ ਕਰਨ ਲਈ ਪੰਜਾਬ ਦੇ ਹਾਲਾਤ ਨਾਲ ਜੋ ਜੂਏ ਦੀ ਖੇਡ ਖੇਡ ਰਹੇ ਹਨ , ਪੰਜਾਬ ਦੇ ਲੋਕਾਂ ਦੀ ਜ਼ਿੰਦਗੀ ਨਾਲ ਖਿਲਵਾੜ ਕਰ ਰਹੇ ਹਨ । ਪੰਜਾਬ ਦੇ ਲੋਕ , ਵੋਟਰ ਉਹਨਾਂ ਲੋਕਾਂ ਤੋਂ ਖ਼ਬਰਦਾਰ ਰਹਿਣ ਜੋ " ਕਣਕ ਖੇਤ , ਕੁੜੀ ਪੇਟ, ਆ ਜਵਾਈਆ ਮੰਡੇ ਖਾਹ " ਦਾ ਭਰਮ ਪਾਲ ਰਹੇ ਹਨ। ••

## 166 ’ਤੇ ਭਿਆਨਕ ਸੜਕ ਹਾਦਸਾ

# ਦੋ ਪੁਲਸ ਅਧਿਕਾਰੀਆਂ ਸਮੇਤ 7 ਦੀ ਮੌਤ



ਲੰਡਨ, 23 ਅਗਸਤ (ਸਰਬਜੀਤ ਸਿੰਘ ਬਨੂੜ)-ਇੰਗਲੈਂਡ ਦੇ ਉੱਤਰ-ਪੂਰਬੀ ਇਲਾਕੇ ਮਿਡਲਜ਼ਬਰੋ ਨੇੜੇ 166 ਸੜਕ ’ਤੇ ਵਾਪਰੇ ਭਿਆਨਕ ਹਾਦਸੇ ਵਿੱਚ ਦੋ ਪੁਲਸ ਅਧਿਕਾਰੀਆਂ ਸਮੇਤ ਸੱਤ ਵਿਅਕਤੀਆਂ ਦੀ ਮੌਤ ਹੋ ਗਈ। ਮ੍ਰਿਤਕ ਪੁਲਸ ਅਧਿਕਾਰੀਆਂ ਦੀ ਪਛਾਣ 37 ਸਾਲਾ ਪੀ.ਸੀ. ਮੈਥਿਊ ਬਲੇਡਜ਼ ਅਤੇ 38 ਸਾਲਾ ਪੀ.ਸੀ. ਟੌਮ ਕਲਫ਼ ਵਜੋਂ ਹੋਈ ਹੈ। ਕਲੀਵਲੈਂਡ ਪੁਲਸ ਅਨੁਸਾਰ ਇਹ ਹਾਦਸਾ ਸ਼ਨੀਵਾਰ ਤੜਕੇ ਕਰੀਬ 3.39 ਵਜੇ ਸਾਊਥ ਬੈਂਕ ਇਲਾਕੇ ਵਿੱਚ ਵਾਪਰਿਆ। ਸ਼ੱਕੀ ਸਮਝੀ ਜਾ ਰਹੀ ਵੋਲਕਸਵੈਗਨ ਪਾਸਾਟ ਕਾਰ 166 ਉੱਪਰ ਆਵਾਜਾਈ ਦੀ ਉਲਟ ਦਿਸ਼ਾ ਵਿੱਚ ਜਾ ਰਹੀ ਸੀ। ਇਸ ਦੌਰਾਨ ਉਸ ਦੀ ਸਹੀ ਦਿਸ਼ਾ ਵੱਲ ਆ ਰਹੇ ਨਿਸ਼ਾਨਬੱਧ ਪੁਲਸ ਵਾਹਨ ਨਾਲ ਆਹਮੋ-ਸਾਹਮਣੀ ਟੱਕਰ ਹੋ ਗਈ। ਟੱਕਰ ਇੰਨੀ ਭਿਆਨਕ ਸੀ ਕਿ ਦੋਵੇਂ ਵਾਹਨਾਂ ਵਿੱਚ ਸਵਾਰ ਸਾਰੇ ਸੱਤ ਵਿਅਕਤੀਆਂ ਨੂੰ ਮੌਕੇ ’ਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਪਾਸਾਟ ਕਾਰ ਵਿੱਚ ਪੰਜ ਵਿਅਕਤੀ ਸਵਾਰ ਸਨ। ਮੁੱਢਲੀ ਜਾਣਕਾਰੀ ਮੁਤਾਬਕ ਪੁਲਸ ਵੱਲੋਂ ਸ਼ੱਕੀ ਕਾਰ ਦਾ ਪਿੱਛਾ ਕੀਤਾ ਗਿਆ ਸੀ, ਪਰ ਕਾਰ ਦੇ 166 ਉੱਪਰ ਗਲਤ ਦਿਸ਼ਾ ਵੱਲ ਦਾਖ਼ਲ ਹੋਣ ਮਗਰੋਂ ਪਿੱਛਾ ਰੋਕ ਦਿੱਤਾ ਗਿਆ ਸੀ। ਹਾਦਸਾਗ੍ਰਸਤ ਪੁਲਸ ਵਾਹਨ ਪਿੱਛਾ ਕਰਨ ਵਾਲੀ ਮੁੱਢਲੀ ਟੀਮ ਦਾ ਹਿੱਸਾ ਨਹੀਂ ਦੱਸਿਆ ਜਾ ਰਿਹਾ। ਕਲੀਵਲੈਂਡ ਪੁਲਸ ਮੁਖੀ ਵਿਕਟੋਰੀਆ ਫੁਲਰ ਨੇ ਦੋਵੇਂ ਅਧਿਕਾਰੀਆਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਉਹ ਬਹਾਦਰ ਅਧਿਕਾਰੀ ਸਨ, ਜਿਹੜੇ ਲੋਕਾਂ ਦੀ ਸੁਰੱਖਿਆ ਕਰਦਿਆਂ ਆਪਣੀ ਡਿਊਟੀ ਤੋਂ ਘਰ ਵਾਪਸ ਨਹੀਂ ਪਰਤ ਸਕੇ। ਉਨ੍ਹਾਂ ਲੋਕਾਂ ਨੂੰ ਜਾਂਚ ਪੂਰੀ ਹੋਣ ਤੱਕ ਅਟਕਲਾਂ ਤੋਂ ਬਚਣ ਅਤੇ ਪੀੜਤ ਪਰਿਵਾਰਾਂ ਦੀ ਨਿੱਜਤਾ ਦਾ ਸਤਿਕਾਰ ਕਰਨ ਦੀ ਅਪੀਲ ਕੀਤੀ ਹੈ। ਪੁਲਸ ’ਤੇ ਇੰਡੀਪੈਂਡੈਂਟ ਆਫਿਸ ਫਾਰ ਪੁਲਸ ਕੰਡਕਟ ਵੱਲੋਂ ਹਾਦਸੇ ਤੋਂ ਪਹਿਲਾਂ ਵਾਪਰੇ ਸਮੁੱਚੇ ਘਟਨਾਕ੍ਰਮ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

**ਗਲਤ ਦਿਸ਼ਾ ਵੱਲ ਜਾ ਰਹੀ ਕਾਰ ਦੀ ਪੁਲਸ ਵਾਹਨ ਨਾਲ ਆਹਮੋ-ਸਾਹਮਣੀ ਟੱਕਰ, ਜਾਂਚ ਸ਼ੁਰੂ**

ਆਵਾਜ਼ਿ ਕੌਮ AWAZE QAUM International Newspaper & WEB TV

# ਟੀਬੀਐਸ. ਇੰਟਰਨੈਸ਼ਨਲ ਸਕੂਲ ਵਿੱਚ ਵਿਦਿਆਰਥੀਆਂ ਨੇ ਪ੍ਰਤਿਭਾ ਅਤੇ ਰਚਨਾਤਮਕਤਾ ਦਾ ਕੀਤਾ ਸ਼ਾਨਦਾਰ ਪ੍ਰਦਰਸ਼ਨ



**ਫਿਰੋਜ਼ਪੁਰ, 23 ਅਗਸਤ (ਮਨੋਹਰ ਲਾਲ)**-ਫਿਰੋਜ਼ਪੁਰ-ਮੋਗਾ ਰੋਡ ਸਥਿਤ ਟੀ.ਬੀ.ਐਸ. ਇੰਟਰਨੈਸ਼ਨਲ ਸਕੂਲ ਵਿੱਚ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਦੇ ਉਦੇਸ਼ ਨਾਲ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਗਈਆਂ। ਸਕੂਲ ਦੇ ਚੇਅਰਮੈਨ ਡਾ. ਹੀਰਾਲਾਲ ਸ਼ਰਮਾ, ਵਾਈਸ ਚੇਅਰਮੈਨ ਵਿਭੋਰ ਸ਼ਰਮਾ, ਮੈਨੇਜਿੰਗ ਡਾਇਰੈਕਟਰ ਦੀਪਾਲੀ ਸ਼ਰਮਾ ਅਤੇ ਮਹਾਸਚਿਵ ਸ਼ਿਵਮ ਸ਼ਰਮਾ ਦੀ ਦੇਖ-ਰੇਖ ਹੇਠ ਕਰਵਾਏ ਗਏ ਇਸ ਪ੍ਰੋਗਰਾਮ ਦੌਰਾਨ ਵਿਦਿਆਰਥੀਆਂ ਨੇ ਗਣਿਤ, ਵਿਗਿਆਨ, ਅੰਗਰੇਜ਼ੀ, ਹਿੰਦੀ, ਪੰਜਾਬੀ, ਸਮਾਜਿਕ ਵਿਗਿਆਨ ਅਤੇ ਕਲਾ ਨਾਲ ਸਬੰਧਤ ਵਿਸ਼ਿਆਂ ’ਤੇ ਸੁੰਦਰ ਅਤੇ ਆਕਰਸ਼ਕ ਮਾਡਲ ਤਿਆਰ ਕਰਕੇ ਪ੍ਰਦਰਸ਼ਨੀ ਲਗਾਈ। ਪ੍ਰਦਰਸ਼ਨੀ ਵਿੱਚ ਵਿਦਿਆਰਥੀਆਂ ਨੇ ਆਪਣੀ ਰਚਨਾਤਮਕ ਪ੍ਰਤਿਭਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਸ ਦੇ ਨਾਲ ਹੀ ਬੱਚਿਆਂ ਲਈ ਵੱਖ-ਵੱਖ ਮਾਨਸਿਕ ਅਤੇ ਸਰੀਰਕ ਖੇਡ ਮੁਕਾਬਲੇ ਵੀ ਕਰਵਾਏ ਗਏ, ਜਿਨ੍ਹਾਂ ਵਿੱਚ ਵਿਦਿਆਰਥੀਆਂ ਨੇ ਪੂਰੇ ਉਤਸ਼ਾਹ ਨਾਲ ਭਾਗ ਲਿਆ। ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਰੇਖਾ ਪਾਸੀ, ਮੈਨੇਜਿੰਗ ਡਾਇਰੈਕਟਰ ਦੀਪਾਲੀ ਸ਼ਰਮਾ ਅਤੇ ਮਹਾਸਚਿਵ ਸ਼ਿਵਮ ਸ਼ਰਮਾ ਸਮੇਤ ਸਕੂਲ ਪ੍ਰਬੰਧਨ ਦੇ ਮੈਂਬਰ ਮੌਜੂਦ ਰਹੇ। ਉਨ੍ਹਾਂ ਨੇ ਮੁਕਾਬਲਿਆਂ ਵਿੱਚ ਵਿਦਿਆਰਥੀਆਂ ਦਾ ਹੌਸਲਾ ਵਧਾਇਆ ਅਤੇ ਉਨ੍ਹਾਂ ਦੀ ਮਿਹਨਤ, ਰਚਨਾਤਮਕਤਾ ਅਤੇ ਪ੍ਰਤਿਭਾ ਦੀ ਸ਼ਲਾਘਾ ਕੀਤੀ। ਮੈਨੇਜਿੰਗ ਡਾਇਰੈਕਟਰ ਦੀਪਾਲੀ ਸ਼ਰਮਾ ਨੇ ਕਿਹਾ ਕਿ ਵਿਦਿਆਰਥੀਆਂ ਦੀ ਪ੍ਰਤਿਭਾ ਨੂੰ ਨਿਖਾਰਨ ਲਈ ਪੜ੍ਹਾਈ ਦੇ ਨਾਲ-ਨਾਲ ਇਸ ਤਰ੍ਹਾਂ ਦੀਆਂ ਰਚਨਾਤਮਕ, ਮਾਨਸਿਕ ਅਤੇ ਸਰੀਰਕ ਗਤੀਵਿਧੀਆਂ ਬਹੁਤ ਜ਼ਰੂਰੀ ਹਨ। ਪ੍ਰਦਰਸ਼ਨੀ ਵਿੱਚ ਬੱਚਿਆਂ ਨੇ ਜਿਸ ਮਿਹਨਤ ਅਤੇ ਉਤਸ਼ਾਹ ਨਾਲ ਮਾਡਲ ਤਿਆਰ ਕੀਤੇ ਹਨ, ਉਹ ਉਨ੍ਹਾਂ ਦੀ ਰਚਨਾਤਮਕ ਸੋਚ ਅਤੇ ਸਿੱਖਣ ਦੀ ਸਮਰੱਥਾ ਨੂੰ ਦਰਸਾਉਂਦੇ ਹਨ। ਅਜਿਹੀਆਂ ਗਤੀਵਿਧੀਆਂ ਨਾਲ ਬੱਚਿਆਂ ਵਿੱਚ ਆਤਮ-ਵਿਸ਼ਵਾਸ ਵਧਦਾ ਹੈ ਅਤੇ ਉਨ੍ਹਾਂ ਨੂੰ ਕੁਝ ਨਵਾਂ ਕਰਨ ਲਈ ਪ੍ਰੇਰਣਾ ਮਿਲਦੀ ਹੈ। ਸਕੂਲ ਦੀ ਪ੍ਰਿੰਸੀਪਲ ਰੇਖਾ ਪਾਸੀ ਨੇ ਕਿਹਾ ਕਿ ਵਿਦਿਆਰਥੀਆਂ ਵੱਲੋਂ ਵੱਖ-ਵੱਖ ਵਿਸ਼ਿਆਂ ’ਤੇ ਤਿਆਰ ਕੀਤੇ ਗਏ ਮਾਡਲ ਬੇਹੱਦ ਆਕਰਸ਼ਕ ਅਤੇ ਜੀਵੰਤ ਸਨ। ਅਜਿਹੀਆਂ ਗਤੀਵਿਧੀਆਂ ਬੱਚਿਆਂ ਨੂੰ ਕੁਝ ਨਵਾਂ ਸਿੱਖਣ ਅਤੇ ਰਚਨਾਤਮਕ ਢੰਗ ਨਾਲ ਸੋਚਣ ਦਾ ਮੌਕਾ ਦਿੰਦੀਆਂ ਹਨ। ਇਸ ਨਾਲ ਵਿਦਿਆਰਥੀਆਂ ਦੇ ਉਤਸ਼ਾਹ ਵਿੱਚ ਵਾਧਾ ਹੁੰਦਾ ਹੈ ਅਤੇ ਉਹ ਆਪਣੀ ਪ੍ਰਤਿਭਾ ਨੂੰ ਬਿਹਤਰ ਢੰਗ ਨਾਲ ਪ੍ਰਦਰਸ਼ਿਤ ਕਰ ਸਕਦੇ ਹਨ।

# ਸੱਚਖੰਡ ਸ੍ਰੀ ਹਜ਼ੂਰ ਸਾਹਿਬ ਜੀ ਦੇ ਦਰਸ਼ਨਾ ਲਈ ਜੱਥਾ ਰਵਾਨਾ



ਫਿਰੋਜ਼ਪੁਰ, 23 ਅਗਸਤ (ਮਨੋਹਰ ਲਾਲ):ਬਾਬਾ ਬੁੱਢਾ ਜੀ ਗ੍ਰੰਥੀ ਪਾਠੀ ਸਭਾ ਰਜਿਸਟਰਡ ਫਿਰੋਜ਼ਪੁਰ ਗੁਰੂ ਧਾਮਾਂ ਦੀ ਯਾਤਰਾ ਵਾਸਤੇ ਸੰਗਤਾਂ ਨੂੰ ਦਰਸ਼ਨ ਕਰਾਉਣ ਵਾਸਤੇ ਉਪਰਾਲੇ ਕਰਦੀ ਰਹਿੰਦੀ ਹੈ ਇਸ ਵਾਰ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਜੀ ਦੇ ਦਰਸ਼ਨਾਂ ਲਈ ਸੰਗਤਾਂ ਜਾ ਰਹੀਆਂ ਹਨ। ਫਿਰੋਜ਼ਪੁਰ ਇਲਾਕਾ ਨਿਵਾਸੀ ਸੰਗਤਾਂ ਨੂੰ ਦੱਸਣਾ ਜਰੂਰੀ ਹੈ ਕਿ ਜਥੇਦਾਰ ਹਰਜਿੰਦਰ ਸਿੰਘ ਥਿੰਦ ਕੰਬੋਜ ਨਗਰ ਤੋਂ ਪਿਛਲੇ ਤਕਰੀਬਨ 13 ਸਾਲ ਤੋਂ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਵਾਸਤੇ ਜੱਥੇ ਦੇ ਰੂਪ ਵਿੱਚ ਸੰਗਤਾਂ ਨੂੰ ਦਰਸ਼ਨ ਦੀਦਾਰਿਆਂ ਵਾਸਤੇ ਲੈ ਕੇ ਜਾਂਦੇ ਹਨ ।ਇਸ ਸਾਲ ਵੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਕਿਰਪਾ ਕੀਤੀ , ਜਥੇਦਾਰ ਹਰਜਿੰਦਰ ਸਿੰਘ ਥਿੰਦ 21 ਅਗਸਤ ਦਿਨ ਸ਼ੁਕਰਵਾਰ ਜੋ ਫਿਰੋਜ਼ਪੁਰ ਤੋਂ ਗੱਡੀ ਨੰਦੇੜ ਸਾਹਿਬ ਹਜ਼ੂਰ ਸਾਹਿਬ ਜਾਂਦੀ ਹੈ ਜੱਥਾ ਲੈ ਕੇ ਜਾ ਰਹੇ ਹਨ, ਇਹ ਬਹੁਤ ਵੱਡੀ ਸੇਵਾ ਜੋ ਸਤਿਗੁਰ ਜੀ ਜਥੇਦਾਰ ਹਰਜਿੰਦਰ ਸਿੰਘ ਜੀ ਤੋ ਲੈ ਰਹੇ ਹਨ। ਹਜ਼ੂਰ ਸਾਹਿਬ ਜਾ ਕੇ ਸਾਰੀ ਸੰਗਤ ਦੇ ਰਹਿਣ ਸਹਿਣ ਦਾ ਪ੍ਰਬੰਧ ਭਾਈ ਸਾਹਿਬ ਕਰਦੇ ਹਨ ।ਨਾਨਕ ਝੀਰਾ ਸਾਹਿਬ ਅਤੇ ਲੋਕਲ ਗੁਰਦੁਆਰਿਆਂ ਦੇ ਦਰਸ਼ਨ ਦੀਦਾਰਿਆਂ ਵਾਸਤੇ ਵੀ ਭਾਈ ਸਾਹਿਬ ਗੱਡੀਆਂ ਦਾ ਇੰਤਜ਼ਾਮ ਕਰਦੇ ਹਨ। ਪਿੰਡ ਕਮਗਰ ਤੋਂ ਬਾਬਾ ਬਲਦੇਵ ਸਿੰਘ ਜੀ ਇਸੇ ਤਰ੍ਹਾਂ ਭਾਈ ਸਾਹਿਬ ਨਾਲ ਮਿਲ ਕੇ ਹਰ ਸਾਲ ਜੱਥਾ ਲਿਜਾ ਰਹੇ ਹਨ। ਹਜੂਰ ਸਾਹਿਬ ਜਾ ਕੇ ਸੰਗਤਾਂ ਦੀ ਦੇਖ ਰੇਖ ਜਥੇਦਾਰ ਹਰਜਿੰਦਰ ਸਿੰਘ ਅਤੇ ਬਾਬਾ ਬਲਦੇਵ ਸਿੰਘ ਜੀ ਦੀ ਹੁੰਦੀ ਹੈ ਸੋ ਸੰਗਤਾਂ ਬੜੇ ਆਨੰਦ ਮਈ ਦਰਸ਼ਨ ਦੀਦਾਰੇ ਕਰਦੀਆਂ ਹਨ ਗੁਰਦੁਆਰਾ ਜਾਮਨੀ ਸਾਹਿਬ ਤੋਂ ਬਾਬਾ ਸਤਨਾਮ ਸਿੰਘ ਜੀ ਹਜ਼ੂਰ ਸਾਹਿਬ ਵਾਲੇ ਅਤੇ ਹੈਡ ਗ੍ਰੰਥੀ ਭਾਈ ਲਖਵਿੰਦਰ ਸਿੰਘ ਜੀ ਉਥੇ ਕਮਰਿਆਂ ਦਾ ਇੰਤਜਾਮ ਕਰਦੇ ਹਨ ਸੋ ਸਾਰੀਆਂ ਸੰਗਤਾਂ ਜਿੱਥੇ ਜਥੇਦਾਰ ਹਰਜਿੰਦਰ ਸਿੰਘ ਥਿੰਦ ਬਾਬਾ ਬਲਦੇਵ ਸਿੰਘ ਜੀ ਦਾ ਧੰਨਵਾਦ ਕਰਦੀਆਂ ਹਨ ਉੱਥੇ ਬਾਬਾ ਸਤਨਾਮ ਸਿੰਘ ਅਤੇ ਹੈਡ ਗ੍ਰੰਥੀ ਭਾਈ ਲਖਵਿੰਦਰ ਸਿੰਘ ਜੀ ਦਾ ਵੀ ਧੰਨਵਾਦ ਕਰਦੀਆਂ ਹਨ। ਇਸ ਵਾਰ ਗੁਰਦੁਆਰਾ ਮਾਈ ਰਾਮ ਦੇਵੀ ਜੀ ਅੰਦਰੂਨ ਦਿੱਲੀ ਗੇਟ ਤੋ ਹੈਡ ਗ੍ਰੰਥੀ ਭਾਈ ਅਵਤਾਰ ਸਿੰਘ ਜੀ ਫੌਜੀ ਦੇ ਨਾਲ ਕਾਫੀ ਸੰਗਤਾਂ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਜਾ ਰਹੀਆਂ ਹਨ। ਸਟੇਸ਼ਨ ਤੇ ਜਿੱਥੇ ਜਥੇਦਾਰ ਹਰਜਿੰਦਰ ਸਿੰਘ ਥਿੰਦ ਕੰਬੋਜ ਨਗਰ ਕਸ਼ਮੀਰ ਸਿੰਘ ਬਲਜਿੰਦਰ ਸਿੰਘ ਪਿੱਪਲ ਸਿੰਘ ਜਗਤਾਰ ਸਿੰਘ ਵਿਸ਼ੇਸ਼ ਸਹਿਯੋਗੀ ਡਾਕਟਰ ਸੁਖਚੈਨ ਸਿੰਘ ਪਿੰਡ ਕਮਗਰ ਤੋਂ , ਕਿੱਕਰ ਸਿੰਘ ਜੋਸਨ ਬਾਬਾ ਬਲਦੇਵ ਸਿੰਘ ਭਾਈ ਅਵਤਾਰ ਸਿੰਘ ਜੀ ਫੌਜੀ ਸਰਦਾਰ ਹਰਜੀਤ ਸਿੰਘ ਸਰਬਜੀਤ ਸਿੰਘ ਜੀ ਪਾਪੜਾਂ ਵਾਲੇ ਅਜੇ ਮਾਊਂਗਾ ਬੱਲੀ, ਸੋਨੂ ਬਾਵਾ ,ਦਵਿੰਦਰ ਸਿੰਘ ਰਵਿੰਦਰ ਸਿੰਘ, ਸਿਮਰਨਜੀਤ ਸਿੰਘ ਬਲਵਿੰਦਰ ਸਿੰਘ ,ਗੁਰਪ੍ਰਕਾਸ਼ ਸਿੰਘ ਕਮਲਜੀਤ ਸਿੰਘ ਪੂਰਨ ਸਿੰਘ ਸਰਦਾਰ ਚੰਨਣ ਸਿੰਘ ਜੇ ਈ ਸਾਬਕਾ ਸਰਪੰਚ ਪਿੰਡ ਕਮਗਰ ਸਰਦਾਰ ਗੁਰਬਖਸ਼ ਸਿੰਘ ਛਿੰਦਰ ਸਿੰਘ ਬਲਦੇਵ ਸਿੰਘ ਰਾਜਵਿੰਦਰ ਸਿੰਘ ਕਸ਼ਮੀਰ ਸਿੰਘ ਮਹਿੰਦਰ ਸਿੰਘ ਤੋ ਇਲਾਵਾ ਬਹੁਤ ਸਾਰੀਆਂ ਬੀਬੀਆਂ ਅਤੇ ਬੱਚੇ ਹਾਜ਼ਰ ਸਨ।

### ਧਨ ਧਨ ਬਾਬਾ ਨੰਦ ਸਿੰਘ ਜੀ ਕਲੇਰਾਂ ਵਾਲਿਆਂ ਦੀ 83ਵੀਂ ਸਾਲਾਨਾ ਬਰਸੀ ਸਮਾਗਮ ਯੂ.ਕੇ. ਵਿਖੇ 22 ਤੋਂ 30 ਅਗਸਤ ਤੱਕ

# ਸ਼ਰਧਾ ਨਾਲ ਮਨਾਈ ਜਾਵੇਗੀ; ਸ਼੍ਰੀ ਅਖੰਡ ਪਾਠਾਂ ਦੀ ਲੜੀ ਆਰੰਭ



ਫਿਰੋਜ਼ਪੁਰ, 23 ਅਗਸਤ (ਮਨੋਹਰ ਲਾਲ): ਧੰਨ ਧੰਨ ਸਾਹਿਬ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਅਪਾਰ ਬਖਸ਼ਿਸ਼ਾਂ ਨਾਲ ਧੰਨ ਧੰਨ ਬਾਬਾ ਨੰਦ ਸਿੰਘ ਜੀ ਕਲੇਰਾਂ ਵਾਲਿਆਂ ਦੀ 83ਵੀਂ ਸਾਲਾਨਾ ਬਰਸੀ ਸਮਾਗਮ 'ਬਾਬੇ ਕੇ ਫਾਰਮ', ਸਟਰੈਟਫੋਰਡ ਅਪਾਨ ਐਵਨ, ਵਾਰਵਿਕਸ਼ਾਇਰ (ਸੀਵੀ37 0ਪੀਕਓ) ਵਿਖੇ 22 ਅਗਸਤ ਤੋਂ 30 ਅਗਸਤ 2026 ਤੱਕ ਬਹੁਤ ਹੀ ਸ਼ਰਧਾ, ਭਾਵਨਾ ਅਤੇ ਧੂਮਧਾਮ ਨਾਲ ਕਰਵਾਇਆ ਜਾ ਰਹਾ ਹੈ। ਇਸ ਮਹਾਨ ਬਰਸੀ ਸਮਾਗਮ ਦੀ ਆਰੰਭਤਾ ਮੌਕੇ ਸ਼੍ਰੀ ਅਖੰਡ ਪਾਠ ਸਾਹਿਬਾਨ ਦੀ ਪਹਿਲੀ ਲੜੀ ਆਰੰਭ ਹੋ ਚੁੱਕੀ ਹੈ, ਜਿਸ ਦੇ ਭੋਗ24 ਅਗਸਤ ਨੂੰ ਪਾਏ ਜਾਣ ਗ ਏ ਅਤੇ ਦੂਸਰੀ ਲੜੀ 24ਅਗਸਤ ਤੋ ਲੈ ਕੇ 26 ਅਗਸਤ ਨੂੰ ਭੋਗ ਪਾਏ ਜਾਣ ਗਏ ਇਸੇ ਤਰ੍ਹਾਂ ਤੀਸਰੀ ਲੜੀ 26ਅਗਸਤ ਨੂੰ ਆਰੰਭ ਜਿਸ ਦੇ ਭੋਗ28 ਅਗਸਤ ਨੂੰ ਪਾਏ ਜਾਣ ਗਏ ਇਸੇ ਤਰ੍ਹਾਂ ਚੋਥੀ ਲੜੀ 28ਅਗਸਤ ਨੂੰ ਆਰੰਭ ਜਿਸ ਦੇ ਭੋਗ 30ਅਗਸਤ ਨੂੰ ਪਾਏ ਜਾਣ ਗਏ। ਇੰਗਲੈਂਡ ਦੀ ਧਰਤੀ 'ਤੇ ਮਨਾਏ ਜਾ ਰਹੇ ਇਸ 83ਵੇਂ ਬਰਸੀ ਸਮਾਗਮ ਵਿੱਚ ਹਾਜ਼ਰੀ ਭਰਨ ਲਈ ਸ਼੍ਰੀਮਾਨ ਸੰਤ ਬਾਬਾ ਬਲਵੀਰ ਸਿੰਘ ਜੀ ਸੀਚੇਵਾਲ ਅੱਜ ਬਰਮਿੰਘਮ ਏਅਰਪੋਰਟ 'ਤੇ ਪਹੁੰਚੇ, ਜਿੱਥੇ ਇੰਗਲੈਂਡ ਨਿਵਾਸੀਆਂ ਅਤੇ ਸੰਗਤਾਂ ਵੱਲੋਂ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ 'ਬਾਬੇ ਕੇ ਫਾਰਮ' ਦੇ ਪ੍ਰਬੰਧਕ ਜਸਵਿੰਦਰ ਸਿੰਘ ਕਾਲਾ ਨੇ ਖ਼ੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਸਾਡੇ ਵੱਡੇ ਭਾਗ ਹਨ ਜੋ ਸਾਨੂੰ ਸੰਤ ਬਾਬਾ ਬਲਵੀਰ ਸਿੰਘ ਜੀ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਪ੍ਰਬੰਧਕਾਂ ਵੱਲੋਂ ਸੰਤ ਬਾਬਾ ਬਲਵੀਰ ਸਿੰਘ ਜੀ ਸੀਚੇਵਾਲ ਨੂੰ ਸਿਰੋਪਾਓ ਦੀ ਬਖਸ਼ਿਸ਼ ਕਰਕੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਸਨਮਾਨ ਲਈ ਧੰਨਵਾਦ ਕਰਦਿਆਂ ਸੰਤ ਬਾਬਾ ਬਲਵੀਰ ਸਿੰਘ ਸੀਚੇਵਾਲ ਨੇ ਆਖਿਆ, ਇੰਗਲੈਂਡ ਦੀਆਂ ਸੰਗਤਾਂ ਮੈਨੂੰ ਬਹੁਤ ਮਾਣ-ਸਤਿਕਾਰ ਦਿੰਦੀਆਂ ਹਨ, ਜਿਸ ਦਾ ਮੈਂ ਸਦਾ ਰਿਣੀ ਹਾਂ। ਇਸ ਨੌਂ ਦਿਨਾ ਧਾਰਮਿਕ ਸਮਾਗਮ ਦੌਰਾਨ ਦੂਰ-ਦੁਰਾਡੇ ਤੋਂ ਪੁੱਜਣ ਵਾਲੀਆਂ ਸੰਗਤਾਂ ਲਈ ਗੁਰੂ ਕੇ ਲੰਗਰ, ਰਹਿਣ-ਸਹਿਣ ਅਤੇ ਹੋਰ ਸੇਵਾਵਾਂ ਦੇ ਸੁਚੱਜੇ ਪ੍ਰਬੰਧ ਕੀਤੇ ਗਏ ਹਨ। ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸੰਗਤਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਪਰਿਵਾਰਾਂ ਸਮੇਤ ਇਨ੍ਹਾਂ ਸਮਾਗਮਾਂ ਵਿੱਚ ਹਾਜ਼ਰੀ ਭਰ ਕੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਅਤੇ ਬਖਸ਼ਿਸ਼ਾਂ ਪ੍ਰਾਪਤ ਕਰਨ।

### 1984 ਕਤਲੇਆਮ ਦੇ ਦੋਸ਼ੀ ਸੱਜਣ ਕੁਮਾਰ ਦੀਆਂ ਸਿਫ਼ਤਾਂ ਕਰਨ ਵਾਲੇ ਨੇਤਾਵਾਂ 'ਤੇ ਵਰ੍ਹੇ ਪੱਤਰਕਾਰ ਪਰਗਟ ਸਿੰਘ

# 'ਇਨਸਾਫ਼ ਦੇ ਜ਼ਖ਼ਮਾਂ 'ਤੇ ਲੂਣ ਛਿੜਕਣਾ ਬਰਦਾਸ਼ਤ ਨਹੀਂ'

**ਨਵੀਂ ਦਿੱਲੀ, 23 ਅਗਸਤ (ਆਵਾਜ਼ਿ ਕੌਮ ਬਿਊਰੋ)**-ਨਵੀਂ ਦਿੱਲੀ 1984 ਦੇ ਸਿੱਖ ਕਤਲੇਆਮ ਦੇ ਮੁੱਖ ਦੋਸ਼ੀ ਅਤੇ ਦਿੱਲੀ ਹਾਈ ਕੋਰਟ ਵੱਲੋਂ ਉਮਰ ਕੈਦ ਦੀ ਸਜ਼ਾ ਕੱਟ ਰਹੇ ਸੱਜਣ ਕੁਮਾਰ ਦੀ ਗੰਭੀਰ ਭੂਮਿਕਾ ਨੂੰ ਲੈ ਕੇ ਪੀੜਤ ਪਰਿਵਾਰਾਂ ਅਤੇ ਸਮੁੱਚੇ ਭਾਈਚਾਰੇ ਵਿੱਚ ਅੱਜ ਵੀ ਭਾਰੀ ਰੋਸ ਹੈ। 1-2 ਨਵੰਬਰ 1984 ਨੂੰ ਦਿੱਲੀ ਦੇ ਰਾਜ ਨਗਰ ਖੇਤਰ ਵਿੱਚ 5 ਬੇਗੁਨਾਹ ਸਿੱਖਾਂ ਦੇ ਕਤਲ ਅਤੇ ਭੀੜ ਨੂੰ ਉਕਸਾਉਣ ਦੇ ਮਾਮਲੇ ਵਿੱਚ ਅਦਾਲਤ ਨੇ ਉਸ ਨੂੰ ਮਾਨਵਤਾ ਵਿਰੁੱਧ ਜੁਰਮ ਦਾ ਮੁੱਖ ਦੋਸ਼ੀ ਮੰਨਿਆ ਸੀ। ਅਦਾਲਤੀ ਫ਼ੈਸਲੇ ਵਿੱਚ ਸਾਫ਼ ਲਿਖਿਆ ਗਿਆ ਸੀ ਕਿ ਸੱਜਣ ਕੁਮਾਰ ਵਰਗੇ ਆਗੂਆਂ ਨੇ ਸਿਆਸੀ ਸਰਪ੍ਰਸਤੀ ਹੇਠ ਨਿਰਦੋਸ਼ ਲੋਕਾਂ ਦੇ ਕਤਲੇਆਮ ਦੀ ਅਗਵਾਈ ਕੀਤੀ, ਜਿਸ ਲਈ ਉਸ ਨੂੰ ਤਾ-ਉਮਰ ਜੇਲ੍ਹ ਦੀ ਸਜ਼ਾ ਸੁਣਾਈ ਗਈ। ਦੋਸ਼ੀਆਂ ਦੀ ਵਕਾਲਤ ਕਰਨ ਵਾਲੇ ਲੀਡਰਾਂ ਨੂੰ ਲਾਹਣਤਾਂ; ਪਰਗਟ ਸਿੰਘ ਨੇ ਪੁੱਛਿਆ- 'ਸਿਆਸੀ ਰੋਟੀਆਂ ਸੇਕਣ ਵਾਲੇ ਕਿਸ ਮੂੰਹ ਨਾਲ ਇਨਸਾਫ਼ ਦੀ ਗੱਲ ਕਰਨਗੇ' ਇਸ ਦੇ ਬਾਵਜੂਦ, ਕੁਝ ਸਿਆਸੀ ਨੇਤਾਵਾਂ ਵੱਲੋਂ ਸੱਜਣ ਕੁਮਾਰ ਵਰਗੇ ਸਜ਼ਾਯਾਫ਼ਤਾ ਦੋਸ਼ੀ ਦੀਆਂ ਸਿਫ਼ਤਾਂ ਕਰਨ ਜਾਂ ਉਸ ਨਾਲ ਹਮਦਰਦੀ ਜਤਾਉਣ ਦੀਆਂ ਕੋਸ਼ਿਸ਼ਾਂ 'ਤੇ ਪਰਗਟ ਸਿੰਘ ਨੇ ਤਿੱਖੀ ਲਾਹਣਤ ਪਾਈ ਹੈ। ਉਨ੍ਹਾਂ ਨੇ ਸਵਾਲ ਕੀਤਾ ਕਿ ਦਹਾਕਿਆਂ ਦੀ ਲੰਮੀ ਅਤੇ ਦਰਦਨਾਕ ਕਾਨੂੰਨੀ ਲੜਾਈ ਤੋਂ ਬਾਅਦ ਮਿਲੇ ਇਨਸਾਫ਼ ਦੇ ਬਾਵਜੂਦ ਅਜਿਹੇ ਗੁਨਾਹਗਾਰਾਂ ਦਾ ਪੱਖ ਪੂਰਨਾ ਹਜ਼ਾਰਾਂ ਸ਼ਹੀਦਾਂ ਦੀ ਸ਼ਹਾਦਤ ਦਾ ਖੁੱਲ੍ਹਾ ਅਪਮਾਨ ਹੈ। ਅਜਿਹੇ ਲੀਡਰ ਆਪਣੇ ਸਿਆਸੀ ਹਿੱਤਾਂ ਲਈ ਨੈਤਿਕਤਾ ਦਾ ਜਨਾਜ਼ਾ ਕੱਢ ਰਹੇ ਹਨ ਅਤੇ ਸਮਾਜ ਸਾਹਮਣੇ ਆਪਣੀ ਜਵਾਬਦੇਹੀ ਪੂਰੀ ਤਰ੍ਹਾਂ ਗੁਆ ਚੁੱਕੇ ਹਨ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਜ਼ਿਲ੍ਹਾ ਪੱਧਰੀ ਸਥਾਨ ਪ੍ਰਾਪਤ ਕਰਤਾ ਸਕੂਲ ਟੀਮਾਂ ਦਾ ਸਨਮਾਨ ਸਮਾਰੋਹ ਆਯੋਜਿਤ

☛ ਸਰਕਾਰੀ ਸਕੂਲਾਂ ਦੀਆਂ ਜ਼ਿਲ੍ਹਾ ਪੱਧਰ 'ਤੇ ਪਹਿਲੇ, ਦੂਸਰੇ ਅਤੇ ਤੀਸਰੇ ਸਥਾਨ' ਤੇ ਆਉਣ ਵਾਲੀਆਂ ਟੀਮਾਂ ਸਨਮਾਨਿਤ ☛ ਫੋਕ ਡਾਂਸ, ਰੋਲ ਪਲੇਅ ਅਤੇ ਕੁਇੱਜ਼ ਮੁਕਾਬਲੇ ਦੇ ਜ਼ਿਲ੍ਹਾ ਪੱਧਰ 'ਤੇ ਸਥਾਨ ਹਾਸਲ ਕਰਨ ਵਾਲੇ ਕੀਤੇ ਸਨਮਾਨਿਤ



**ਮਹਿਤਾ ਚੌਂਕ, 22 ਅਗਸਤ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ ਦੁਆਰਾ ਨਿਰਧਾਰਿਤ ਕਿਸ਼ੋਰ ਸਿੱਖਿਆ ਪ੍ਰੋਗਰਾਮ ਤਹਿਤ ਜ਼ਿਲ੍ਹਾ ਪੱਧਰੀ ਫੋਕ ਡਾਂਸ ਅਤੇ ਕੁਇੱਜ਼ ਮੁਕਾਬਲੇ ਅੰਮ੍ਰਿਤਸਰ ਦੀ ਖਾਲਸਾ ਕਾਲਜ ਬ੍ਰਾਂਚ ਰਣਜੀਤ ਐਵੇਨਿਊ ਵਿਖੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸਸ) ਅੰਮ੍ਰਿਤਸਰ ਸ. ਹਰਜਿੰਦਰ ਸਿੰਘ, ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਸ਼੍ਰੀ ਰਾਜੇਸ਼ ਖੰਨਾ ਦੇ ਦਿਸ਼ਾ ਨਿਰਦੇਸ਼ ਅਨੁਸਾਰ ਸ੍ਰ. ਨਰਿੰਦਰ ਸਿੰਘ ਸਟੇਟ ਰਿਸੋਰਸ ਪਰਸਨ ਕਮ ਜ਼ਿਲਾ ਕੋਆਰਡੀਨੇਟਰ ਏ.ਈ.ਪੀ. ਦੀ ਯੋਗ ਅਗਵਾਈ ਹੇਠ ਕਰਵਾਏ ਗਏ। ਇਸ ਵਿੱਚ ਜ਼ਿਲ੍ਹੇ ਦੇ ਹਰ ਬਲਾਕ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੀਆਂ ਟੀਮਾਂ ਨੇ ਭਾਗ ਲਿਆ। ਪੰਜਾਬੀ ਫੋਕ ਡਾਂਸ ਦੇ ਜੱਜਾਂ ਦੀ ਭੂਮਿਕਾ ਪੰਜਾਬੀ ਸੱਭਿਆਚਾਰ, ਨਾਟਕਾਂ, ਫਿਲਮਾਂ ਅਤੇ ਥੀਏਟਰ ਦੀਆਂ ਪ੍ਰਮੁੱਖ ਸ਼ਖਸੀਅਤਾਂ ਸ਼੍ਰੀ ਦਲਜੀਤ ਸਿੰਘ ਸੋਨਾ, ਸਟੇਟ ਆਵਾਰਡੀ ਮਿਸਿਜ਼ ਇੰਡੀਆ ਇੰਟਰਨੈਸ਼ਨਲ ਕੁਈਨ-2026 ਮੈਡਮ ਰਵਿੰਦਰ ਕੌਰ, ਅਸਿਸਟੈਂਟ ਪ੍ਰੋਫੈਸਰ ਡਾ. ਮੁਕਤੀ ਸ਼ਰਮਾਂ ਖਾਲਸਾ ਕਾਲਜ ਵੱਲੋਂ ਨਿਭਾਈ ਗਈ। ਕੁਇੱਜ਼ ਕੰਪੀਟੀਸ਼ਨ ਦੇ ਜੱਜ ਸਿੱਖਿਆ ਮਾਹਿਰ ਮੈਡਮ ਭਾਰਤੀ ਸ਼ਰਮਾਂ ਖਲਚੀਆਂ, ਮੈਡਮ ਮਨਜੋਤ ਕੌਰ (ਬਹੋੜੂ), ਖਾਲਸਾ ਕਾਲਜ ਦੇ ਅਸਿਸਟੈਂਟ ਪ੍ਰੋਫੈਸਰ ਡਾ. ਸੁਰੂਚੀ ਅਤੇ ਡਾ ਰੂਚੀ ਰਹੇ। ਇਸ ਮੌਕੇ ਮੰਚ ਸੰਚਾਲਨ ਮੈਡਮ ਗਗਨਦੀਪ ਕੌਰ ਸੈਸਰਾ ਵੱਲੋਂ ਬਾਖ਼ੂਬੀ ਕੀਤਾ ਗਿਆ। ਮੀਡੀਆ ਕੋਆਰਡੀਨੇਟਰ ਇੰਚਾਰਜ ਪ੍ਰਿੰਸੀਪਲ ਸ਼੍ਰੀ ਨਰਿੰਦਰ ਰਾਏ ਵੱਲੋਂ ਆਪਣੇ ਸੰਬੋਧਨ ਵਿੱਚ ਵਿਦਿਆਰਥੀਆਂ ਨੂੰ ਸਾਹਿਤ ਦੀਆਂ ਵੱਖ ਵੱਖ ਵੰਨਗੀਆਂ ਦੀ ਪਰਿਭਾਸ਼ਾ ਅਤੇ ਉਨ੍ਹਾਂ ਦੇ ਆਪਸੀ ਫਰਕ ਬਾਰੇ ਵਿਸਥਾਰਪੂਰਵਕ ਦੱਸਿਆ। ਇਸ ਸਮਾਰੋਹ ਦੇ ਪ੍ਰਬੰਧਕ ਮੈਡਮ ਮਨਦੀਪ ਕੌਰ, ਮੈਡਮ ਮਨਜੋਤ ਕੌਰ, ਰਵਜੀਤ ਕੌਰ ਦਾ ਪ੍ਰਬੰਧ ਪ੍ਰਸ਼ੰਸਾ ਯੋਗ ਸੀ। ਅੱਜ ਦੇ ਫੋਕ ਡਾਂਸ ਮੁਕਾਬਲੇ ਵਿੱਚ ਜ਼ਿਲ੍ਹਾ ਪੱਧਰ 'ਤੇ ਪਹਿਲਾ ਸਥਾਨ ਐਸਓਈ ਛੇਹਰਟਾ, ਦੂਸਰਾ ਸਥਾਨ ਸਕੰਸੀਸੈਸਕੂਲ ਰਈਆ ਅਤੇ ਤੀਸਰਾ ਸਥਾਨ ਸਕੰਸੀਸੈ ਸਕੂਲ ਟਪਿਆਲਾ ਨੇ ਪ੍ਰਾਪਤ ਕੀਤਾ। ਅੱਜ ਦੇ ਕੁਇੱਜ਼ ਮੁਕਾਬਲੇ ਵਿੱਚ ਪਹਿਲਾ ਸਥਾਨ ਸਸਸਸ ਮਜੀਠਾ, ਦੂਸਰਾ ਸਥਾਨ ਸਕੰਸੀਸੈਸਕੂਲ ਨਵਾਂ ਕੋਟ ਅਤੇ ਤੀਸਰਾ ਸਥਾਨ ਸਕੰਸੀਸੈ ਸਕੂਲ ਮਹਾਂ ਸਿੰਘ ਗੇਟ ਨੇ ਪ੍ਰਾਪਤ ਕੀਤਾ। ਇਸ ਮੌਕੇ ਜ਼ਿਲ੍ਹਾ ਪੱਧਰ 'ਤੇ ਪਹਿਲਾ, ਦੂਸਰਾ ਅਤੇ ਤੀਸਰਾ ਸਥਾਨ ਪ੍ਰਾਪਤ ਕਰਨ ਵਾਲੀ ਟੀਮ ਅਤੇ ਉਹਨਾਂ ਦੇ ਗਾਈਡ ਅਧਿਆਪਕਾਂ ਨੂੰ ਸਰਟੀਫਿਕੇਟ, ਮੂਮੈਂਟੋ ਅਤੇ ਸ਼ੀਲਡ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਖਾਲਸਾ ਕਾਲਜ ਦੇ ਪ੍ਰਿੰਸੀਪਲ ਡਾ ਮਨਦੀਪ ਕੌਰ, ਰਾਏ ਮੂਵੀਜ਼ ਦੇ ਕੋ-ਪ੍ਰੋਡਿਊਸਰ ਸਰਬਸੁੱਖਪਾਲ ਰਾਏ, ਸਟੀਫਨ ਗਿੱਲ ਅਤੇ ਵੱਖ ਵੱਖ ਸਕੂਲਾਂ ਦੇ ਗਾਈਡ ਅਧਿਆਪਕ ਹਾਜ਼ਰ ਸਨ।

# ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਚਵਿੰਡਾ ਦੇਵੀ ਵਿਖੇ ਭਾਰੀ ਸੁਆਗਤ ਕੀਤਾ ਜਾਵੇਗਾ-ਬਲਜੀਤ ਸਿੰਘ ਸਰਾਂ



**ਚੌਂਕ ਮਹਿਤਾ,23 ਅਗਸਤ ( ਬਾਬਾ ਸੁਖਵੰਤ ਸਿੰਘ ਚੰਨਣਕੇ)**-ਹਲਕਾ ਇੰਚਾਰਜ ਤਲਬੀਰ ਸਿੰਘ ਗਿੱਲ ਦੀ ਅਗਵਾਈ ਹੇਠ 26 ਤਰੀਕ ਨੂੰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਿਸ਼ਾਲ ਰੈਲੀ ਕਰ ਰਹੇ ਹਨ। ਇਸ ਮੌਕੇ ਬਲਜੀਤ ਸਿੰਘ ਸਰਾਂ ਜਨਰਲ ਸਕੱਤਰ ਐਸੀ ਵਿੰਗ ਪੰਜਾਬ ਦੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਨਿੱਘਾ ਸੁਆਗਤ ਕੀਤਾ ਜਾਵੇਗਾ। ਉਨ੍ਹਾਂ ਕਿ ਅਸੀਂ ਇਸ ਰੈਲੀ ਵਿੱਚ ਬਹੁਤ ਵੱਡਾ ਇਕੱਠ ਕਰਾਂਗੇ। ਇਸ ਮੌਕੇ ਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਲੀਡਰ ਅਤੇ ਜਨਰਲ ਸਕੱਤਰ ਐਸੀ ਵਿੰਗ ਸੈਲ ਪੰਜਾਬ ਦੇ ਬਲਜੀਤ ਸਿੰਘ ਸਰਾਂ ਤੋਂ ਇਲਾਵਾ ਸਰਪੰਚ ਬਲਰਾਜ ਸਿੰਘ ਸਰਾਂ, ਸੁਖਦੀਪ ਸਿੰਘ ਸਰਾਂ, ਸਰਪੰਚ ਮੇਜਰ ਸਿੰਘ ਬੁਲਾਰਾ, ਲਵਪ੍ਰੀਤ ਸਿੰਘ ਸਰਾਂ, ਦਵਿੰਦਰਪਾਲ ਸਿੰਘ ਸਰਾਂ, ਗੁਰਮੁੱਖ ਸਿੰਘ ਦੋਧੀ ਸਰਾਂ ਆਦਿ ਆਗੂ ਹਾਜਰ ਸਨ।

ਪੰਜਾਬ ਦੀ ਨੌਜਵਾਨੀ ਨੂੰ ਨਸੇ ਦੀ ਦਲਦਲ ਵਿੱਚੋਂ ਬਾਹਰ ਕੱਢਣ ਤੇ ਨਵੀਂ ਪੀੜ੍ਹੀ ਨੂੰ ਬਚਾਉਣ ਲਈ

# ਪਿੰਡਾਂ ਵਿੱਚ ਪੱਕੇ ਤੌਰ 'ਤੇ ਲਗਾਏ ਜਾਣ ਮੋਰਚੇ : ਬਾਬਾ ਬਿਬੇਕ ਸਿੰਘ




**ਜੰਡਿਆਲਾ ਗੁਰੂ, 23 ਅਗਸਤ (ਕੁਲਵੰਤ ਸਿੰਘ ਵਿਰਦੀ )**-ਪੰਜਾਬ ਦੀ ਧਰਤੀ ਗੁਰੂਆਂ ਪੀਰਾਂ ਦੀ ਧਰਤੀ ਹੈ ਅਤੇ ਇਸ ਧਰਤੀ ਉਪਰ ਰਹਿਣ ਵਾਲੇ ਹਰੇਕ ਮਨੁੱਖ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦਾ ਚਲਾਇਆ ਹੋਇਆ ਸਿਧਾਂਤ ਇਕ ਪੰਗਤ ਨੂੰ ਅਪਣਾਅ ਲਿਆ ਲੇਕਿਨ ਕੁਝ ਸਾਲਾਂ ਤੋਂ ਪੰਜਾਬ ਦੀ ਧਰਤੀ ਤੇ ਪੰਜਾਬ ਵਿਰੋਧੀ ਖੇਡੀ ਜਾ ਰਹੀ ਡੂੰਘੀ ਸਾਜਿਸ਼ ਦੇ ਤਹਿਤ ਪੰਜਾਬ ਦੇ ਨੌਜਵਾਨਾਂ ਨੂੰ ਨਸ਼ੇ ਦੀ ਦਲਦਲ ਵਿੱਚ ਧਕੇਲਿਆ ਜਾ ਰਿਹਾ ਹੈ ਅਤੇ ਅੱਜ ਪੰਜਾਬ ਦੀਆਂ ਮਾਵਾਂ ਧਾਹਾਂ ਮਾਰਦੀਆਂ ਵਿਲਕਦੀਆਂ ਕੁਰਲਾਉਦੀਆਂ ਆਪਣੇ ਬੱਚਿਆਂ ਨੂੰ ਆਪਣੇ ਹੱਥੀਂ ਚਿਖਾ ਵਿੱਚ ਪਾ ਕਿ ਸਾਰੀ ਉਮਰ ਦਾ ਰੋਣਾ ਆਪਣੀ ਝੋਲੀ ਵਿੱਚ ਪਵਾ ਕਿ ਜਿੰਦਗੀ ਦੇ ਰਹਿੰਦੇ ਪਲਾਂ ਨੂੰ ਗੁਜਾਰ ਰਹੀਆਂ ਹਨ ਅਤੇ ਨਿਤ ਉਹ ਮਾਵਾਂ ਆਪਣੇ ਬੱਚਿਆਂ ਨੂੰ ਯਾਦ ਕਰਕੇ ਕਹਿੰਦੀਆਂ ਸੁਣੀਆਂ ਜਾਂਦੀਆਂ ਹਨ ਕਿ ਮੇਰੇ ਬੱਚਿਆਂ ਮੈਨੂੰ ਵੀ ਆਪਣੇ ਕੋਲ ਬੁਲਾ ਲੈ ਮੇਰਾ ਹੁਣ ਕੱਲ੍ਹੀ ਦਾ ਦਿਲ ਨਹੀਂ ਲਗਦਾ ਇਹ ਸਭ ਕੁਝ ਵੇਖ ਕਿ ਮਨ ਬਹੁਤ ਦੁਖੀ ਹੁੰਦਾ ਹੈ ਇਨਾਂ ਗੱਲਾਂ ਦਾ ਪ੍ਰਗਟਾਵਾ ਕਰਦਿਆ ਹੋਇਆ ਅਕਾਲੀ ਦਲ ਵਾਰਿਸ ਪੰਜਾਬ ਦੇ ਹਲਕਾ ਜੰਡਿਆਲਾ ਗੁਰੂ ਦੇ ਸੇਵਾਦਾਰ ਅਤੇ ਗੁਰਦੁਆਰਾ ਨਾਨਕਸਰ ਸਾਹਿਬ ਨਾਨਕਸਰ ਨਗਰ ਜੰਡਿਆਲਾ ਗੁਰੂ ਦੇ ਮੁੱਖ ਸੇਵਾਦਾਰ ਬਾਬਾ ਬਿਬੇਕ ਸਿੰਘ ਨੇ ਅੱਗੇ ਕਿਹਾ ਕਿ ਬੀਤੇ ਦਿਨਾਂ ਤੋਂ ਪਿੰਡ ਧਾਰੜ ਵਿਖੇ ਪੰਜਾਬ ਦੀਆਂ ਨੌਜਵਾਨੀ ਨੂੰ ਬਚਾਉਣ ਲਈ ਨਸਿਆਂ ਵਿਰੁੱਧ ਧਰਨੇ ਦੇ ਰੂਪ ਵਿੱਚ ਪੱਕਾ ਮੋਰਚਾ ਲੱਗਾ ਹੋਇਆ ਹੈ ਅਤੇ ਅੱਜ ਅਕਾਲੀ ਦਲ ਵਾਰਿਸ ਪੰਜਾਬ ਦੇ ਵੱਲੋਂ ਇਸ ਮੁਹਿੰਮ ਵਿੱਚ ਸ਼ਾਮਲ ਹੋ ਕਿ ਪੂਰਨ ਸਮਰਥਨ ਦਿੱਤਾ ਗਿਆ ਹੈ ਅਤੇ ਹਾਜਰੀ ਭਰੀ ਗਈ ਹੈ ਅੱਗੇ ਉਨਾਂ ਕਿਹਾ ਕਿ ਪੰਜਾਬ ਨੂੰ ਪਹਿਲਾਂ ਅਬਦਾਲੀ ਨੇ ਖਤਮ ਕਰਨਾ ਚਾਹਿਆ ਫਿਰ ਭਾਰਤ ਦੀ ਰਾਣੀ ਇੰਦਰਾ ਗਾਂਧੀ ਨੇ 84 ਵਿੱਚ ਤਖਤ ਸਾਹਿਬ ਜੀ ਅਤੇ ਸੈਂਕੜੇ ਗੁਰਦੁਆਰਾ ਸਾਹਿਬ ਜੀ ਤੇ ਹਮਲੇ ਕਰਕੇ ਪੰਜਾਬ ਨੂੰ ਖਤਮ ਕਰਨਾ ਚਾਹਿਆ ਅਤੇ 15/20 ਸਾਲਾਂ ਤੋਂ ਪੰਜਾਬ ਤੇ ਪੰਜਾਬ ਦੀ ਨੌਜਵਾਨੀ ਨੂੰ ਖਤਮ ਕਰਨ ਲਈ ਨਸ਼ਿਆਂ ਦੀ ਦਲਦਲ ਵਿੱਚ ਧਕੇਲਿਆ ਜਾ ਰਿਹਾ ਹੈ ਅਤੇ ਪੰਜਾਬ ਵਿੱਚ ਕੁੱਝ ਇਸ ਤਰ੍ਹਾਂ ਦੇ ਘਰ ਹਨ ਜਿੱਥੇ ਬਜੁਰਗ ਮਾਂ ਬਾਪ ਨਜਰ ਆ ਰਹੇ ਪਰ ਉਨਾਂ ਦੀ ਪੀੜ੍ਹੀ ਖਤਮ ਹੋ ਚੁੱਕੀ ਹੈ ਜੋ ਬਹੁਤ ਵੱਡੀ ਚਿੰਤਾ ਦਾ ਵਿਸਾ ਹੈ ! ਅੱਗੇ ਬਾਬਾ ਬਿਬੇਕ ਸਿੰਘ ਨੇ ਕਿਹਾ ਕਿ ਪੰਜਾਬ ਦੀ ਜਵਾਨੀ ਨੂੰ ਬਚਾਉਣ ਲਈ ਪੰਜਾਬ ਦਾ ਦਰਦ ਰੱਖਣ ਵਾਲੇ ਹਰੇਕ ਦਰਦੀ ਨੂੰ ਹਰੇਕ ਪਿੰਡ ਵਿੱਚ ਪੱਕਾ ਮੋਰਚਾ ਲਗਾਉਣਾ ਚਾਹੀਦਾ ਹੈ ਤਾਂ ਜੋ ਪੰਜਾਬ ਦੀ ਨੌਜਵਾਨੀ ਨੂੰ ਬਚਾਇਆ ਜਾ ਸਕੇ ! ਇਸ ਮੌਕੇ ਸਤਨਾਮ ਸਿੰਘ ਧਾਰੜ, ਬਲਵੰਤ ਸਿੰਘ, ਸੁੱਖਰੂਪ ਸਿੰਘ, ਬਾਬਾ ਜਗਜੀਤ ਸਿੰਘ,ਮੁਹੱਬਤ ਸਿੰਘ,ਸ਼ਾਲੂ,ਗੁਰਵੇਲ ਸਿੰਘ ਗੇਲਾ,ਦੀਦਾਰ ਸਿੰਘ,ਦਲੀਪ ਸਿੰਘ ਏਕਲਗੱਡਾ , ਰਣਜੀਤ ਸਿੰਘ ਰਾਣਾ , ਮਨਿੰਦਰ ਸਿੰਘ ਖਾਲਸਾ ਬੰਡਾਲਾ, ਅਮਰੀਕ ਸਿੰਘ ਬਿੱਟਾ, ਅਮਰਜੀਤ ਸਿੰਘ ਕਾਲੇਕੇ ,ਜੁਗਰਾਜ ਸਿੰਘ ਯੂਥ ਪ੍ਰਧਾਨ ਅਕਾਲੀ ਦਲ ਵਾਰਿਸ ਪੰਜਾਬ ਦੇ ,ਪ੍ਰਤਾਪ ਸਿੰਘ ਵੱਖ-ਵੱਖ ਜਥੇਬੰਦੀਆ ਦੇ ਨੁਮਾਇੰਦੇ ਤੇ ਪਿੰਡ ਵਾਸੀ ਹਾਜ਼ਰ ਸਨ!

> ਪਹਿਲਾਂ ਅਬਦਾਲੀ ਫਿਰ ਭਾਰਤ ਦੀ ਰਾਣੀ ਨੇ ਅਤੇ 15/20 ਸਾਲਾਂ ਤੋਂ ਨਸੇ ਦੀ ਆੜ ਹੇਠ ਪੰਜਾਬ ਨੂੰ ਖਤਮ ਕਰਨ ਦੀਆਂ ਕੋਝੀਆਂ ਸਾਜਿਸ਼ਾ ਰਚੀਆਂ ਗਈਆਂ

ਪਿੰਡ ਲਹਿਰੀ ਵਿਖੇ ਤੀਆਂ ਦੇ ਮੇਲੇ 'ਚ ਗਿੱਧੇ ਅਤੇ ਲੋਕ-ਰੰਗ ਨੇ ਬੰਨ੍ਹਿਆ ਰੰਗ

# ਅਗਲੇ ਸਾਲ ਵੱਡੇ ਪੱਧਰ 'ਤੇ ਮੇਲਾ ਕਰਵਾਉਣ ਦਾ ਐਲਾਨ







**ਤਲਵੰਡੀ ਸਾਬੋ, 23 ਅਗਸਤ (ਗੁਰਜੰਟ ਸਿੰਘ ਨਥੇਹਾ)**-ਗ੍ਰਾਮ ਪੰਚਾਇਤ ਲਹਿਰੀ ਅਤੇ ਸਮੂਹ ਪਿੰਡ ਵਾਸੀਆਂ ਵੱਲੋਂ ਸਰਪੰਚ ਹਰਮੰਦਰ ਸਿੰਘ ਬਰਾੜ ਦੀ ਅਗਵਾਈ ਹੇਠ ਪਿੰਡ ਲਹਿਰੀ ਵਿਖੇ ਤੀਆਂ ਦਾ ਮੇਲਾ ਧੂਮਧਾਮ ਅਤੇ ਉਤਸ਼ਾਹ ਨਾਲ ਕਰਵਾਇਆ ਗਿਆ। ਸਮਾਗਮ ਵਿੱਚ ਪਿੰਡ ਦੀਆਂ ਮਹਿਲਾਵਾਂ, ਮੁਟਿਆਰਾਂ ਅਤੇ ਬੱਚਿਆਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਦਿਆਂ ਪੰਜਾਬੀ ਸੱਭਿਆਚਾਰ ਅਤੇ ਵਿਰਸੇ ਦੀਆਂ ਯਾਦਾਂ ਨੂੰ ਤਾਜ਼ਾ ਕੀਤਾ। ਸਮਾਗਮ ਦੇ ਮੁੱਖ ਮਹਿਮਾਨ ਹਲਕਾ ਵਿਧਾਇਕਾ, ਕੈਬਨਿਟ ਰੈਂਕ ਅਤੇ ਚੀਫ਼ ਵਿਪ ਪੰਜਾਬ ਪ੍ਰੋ. ਬਲਜਿੰਦਰ ਕੌਰ ਸਨ।ਤੀਆਂ ਦੇ ਮੇਲੇ ਦੌਰਾਨ ਪਿੰਡ ਦੀਆਂ ਮਹਿਲਾਵਾਂ ਅਤੇ ਕੁੜੀਆਂ ਨੇ ਗਿੱਧਾ ਪਾ ਕੇ ਖੂਬ ਰੌਣਕਾਂ ਲਾਈਆਂ ਅਤੇ ਪੰਜਾਬੀ ਲੋਕ-ਨਾਚ ਦੀਆਂ ਵੱਖ-ਵੱਖ ਪੇਸ਼ਕਾਰੀਆਂ ਨਾਲ ਦਰਸ਼ਕਾਂ ਦਾ ਮਨ ਮੋਹ ਲਿਆ। ਇਸ ਮੌਕੇ ਗੁਰੂ ਹਰਗੋਬਿੰਦ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਲਹਿਰੀ ਅਤੇ ਸਰਕਾਰੀ ਸਕੂਲ ਲਹਿਰੀ ਦੇ ਵਿਦਿਆਰਥੀਆਂ ਵੱਲੋਂ ਕੋਰੀਓਗ੍ਰਾਫੀਆਂ, ਸੋਲੋ ਡਾਂਸ ਅਤੇ ਗਿੱਧੇ ਦੀਆਂ ਸ਼ਾਨਦਾਰ ਪੇਸ਼ਕਾਰੀਆਂ ਕੀਤੀਆਂ ਗਈਆਂ। ਬੱਚਿਆਂ ਦੀਆਂ ਪੇਸ਼ਕਾਰੀਆਂ ਨੇ ਸਮਾਗਮ ਵਿੱਚ ਅਜਿਹਾ ਰੰਗ ਭਰਿਆ ਕਿ ਹਾਜ਼ਰ ਲੋਕ ਵੀ ਗਿੱਧੇ ਦੇ ਬੋਲਾਂ ਅਤੇ ਪੰਜਾਬੀ ਸੱਭਿਆਚਾਰ ਦੀਆਂ ਧੁਨਾਂ ਨਾਲ ਝੂਮਣ ਲਈ ਮਜਬੂਰ ਹੋ ਗਏ। ਮੇਲੇ ਦੌਰਾਨ ਪੰਜਾਬੀ ਸੱਭਿਆਚਾਰ ਦੀ ਪੁਰਾਤਨ ਪਿਰਤ ਨੂੰ ਉਜਾਗਰ ਕਰਦਿਆਂ ਸਰਪੰਚ ਹਰਮੰਦਰ ਸਿੰਘ ਬਰਾੜ ਵੱਲੋਂ ਮੁੱਖ ਮਹਿਮਾਨ ਪ੍ਰੋ. ਬਲਜਿੰਦਰ ਕੌਰ ਨੂੰ ਸੰਧਾਰਾ ਦਿੱਤਾ ਗਿਆ। ਇਸ ਮੌਕੇ ਪੁਰਾਣੇ ਸਮੇਂ ਵਿੱਚ ਤੀਆਂ ਮੌਕੇ ਪੇਕੇ ਪਰਿਵਾਰ ਵੱਲੋਂ ਧੀਆਂ ਨੂੰ ਭੇਜੇ ਜਾਂਦੇ ਸੰਧਾਰੇ ਦੀ ਪਿਰਤ ਨੂੰ ਯਾਦ ਕੀਤਾ ਗਿਆ। ਇਸ ਦੇ ਨਾਲ ਹੀ ਪ੍ਰੋ. ਬਲਜਿੰਦਰ ਕੌਰ ਵੱਲੋਂ ਭੈਣ-ਭਰਾ ਦੇ ਪਵਿੱਤਰ ਰਿਸ਼ਤੇ ਦੀ ਪ੍ਰਤੀਕ ਰੱਖੜੀ ਸਰਪੰਚ ਹਰਮੰਦਰ ਸਿੰਘ ਬਰਾੜ ਦੇ ਗੁੱਟ 'ਤੇ ਬੰਨ੍ਹ ਕੇ ਇਸ ਰਿਸ਼ਤੇ ਦੀ ਸਾਂਝ ਨੂੰ ਹੋਰ ਮਜ਼ਬੂਤ ਕੀਤਾ ਗਿਆ। ਇਸ ਦੌਰਾਨ ਮਹਿਲਾਵਾਂ ਵੱਲੋਂ ਪੀਘਾਂ ਵੀ ਝੂਟੀਆਂ ਗਈਆਂ ਅਤੇ ਪੁਰਾਣੇ ਪੰਜਾਬੀ ਸੱਭਿਆਚਾਰ ਨਾਲ ਜੁੜੀਆਂ ਯਾਦਾਂ ਨੂੰ ਮੁੜ ਜੀਵੰਤ ਕੀਤਾ ਗਿਆ। ਮੇਲੇ ਦਾ ਮਾਹੌਲ ਹਾਸੇ-ਖੇੜੇ, ਗਿੱਧੇ, ਬੋਲੀਆਂ ਅਤੇ ਪੰਜਾਬੀ ਲੋਕ-ਰੰਗ ਨਾਲ ਭਰਿਆ ਰਿਹਾ। ਇਸ ਮੌਕੇ ਬੋਲਦਿਆਂ ਹਲਕਾ ਵਿਧਾਇਕਾ ਪ੍ਰੋ. ਬਲਜਿੰਦਰ ਕੌਰ ਨੇ ਕਿਹਾ ਕਿ ਤੀਆਂ ਪੰਜਾਬੀ ਸੱਭਿਆਚਾਰ ਦਾ ਅਨਿੱਖੜਵਾਂ ਅੰਗ ਹਨ ਅਤੇ ਇਹ ਤਿਉਹਾਰ ਸਿਰਫ਼ ਮਨੋਰੰਜਨ ਦਾ ਸਾਧਨ ਨਹੀਂ, ਸਗੋਂ ਧੀਆਂ-ਭੈਣਾਂ ਦੇ ਆਪਸੀ ਪਿਆਰ, ਸਾਂਝ ਅਤੇ ਪੰਜਾਬੀ ਵਿਰਸੇ ਨਾਲ ਜੁੜਨ ਦਾ ਸੁੰਦਰ ਮੌਕਾ ਹੈ। ਉਨ੍ਹਾਂ ਕਿਹਾ ਕਿ ਅੱਜ ਦੇ ਆਧੁਨਿਕ ਦੌਰ ਵਿੱਚ ਸਾਡੀ ਨਵੀਂ ਪੀੜ੍ਹੀ ਨੂੰ ਆਪਣੇ ਅਮੀਰ ਸੱਭਿਆਚਾਰ ਅਤੇ ਪੁਰਾਤਨ ਰਵਾਇਤਾਂ ਨਾਲ ਜੋੜਨਾ ਬਹੁਤ ਜ਼ਰੂਰੀ ਹੈ। ਉਨ੍ਹਾਂ ਪਿੰਡ ਵਾਸੀਆਂ ਵੱਲੋਂ ਤੀਆਂ ਦਾ ਮੇਲਾ ਕਰਵਾਉਣ ਦੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਸਮਾਗਮ ਸਾਡੀ ਸੱਭਿਆਚਾਰਕ ਵਿਰਾਸਤ ਨੂੰ ਜਿਊਂਦਾ ਰੱਖਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਸਰਪੰਚ ਹਰਮੰਦਰ ਸਿੰਘ ਬਰਾੜ ਨੇ ਕਿਹਾ ਕਿ ਇਸ ਵਾਰ ਤੀਆਂ ਦਾ ਮੇਲਾ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਕਰਵਾਇਆ ਗਿਆ ਹੈ ਅਤੇ ਮਿਲੇ ਭਰਵੇਂ ਹੁੰਗਾਰੇ ਤੋਂ ਉਹ ਬਹੁਤ ਖੁਸ਼ ਹਨ। ਉਨ੍ਹਾਂ ਐਲਾਨ ਕੀਤਾ ਕਿ ਅਗਲੇ ਸਾਲ ਤੋਂ ਤੀਆਂ ਦਾ ਮੇਲਾ ਹੋਰ ਵੀ ਵੱਡੇ ਪੱਧਰ 'ਤੇ ਕਰਵਾਇਆ ਜਾਵੇਗਾ, ਤਾਂ ਜੋ ਪਿੰਡ ਦੀਆਂ ਧੀਆਂ-ਭੈਣਾਂ ਨੂੰ ਪੰਜਾਬੀ ਸੱਭਿਆਚਾਰ ਨਾਲ ਜੁੜਨ ਲਈ ਹੋਰ ਵਧੀਆ ਮੰਚ ਮਿਲ ਸਕੇ। ਉਨ੍ਹਾਂ ਮੇਲੇ ਨੂੰ ਸਫ਼ਲ ਬਣਾਉਣ ਲਈ ਸਮੂਹ ਪਿੰਡ ਵਾਸੀਆਂ, ਮਹਿਲਾਵਾਂ, ਬੱਚਿਆਂ ਅਤੇ ਸਕੂਲਾਂ ਦੇ ਸਟਾਫ਼ ਦਾ ਧੰਨਵਾਦ ਕੀਤਾ। ਸਟੇਜ ਦੀ ਭੂਮਿਕਾ ਮੈਡਮ ਜਸਵਿੰਦਰ ਕੌਰ ਸਿੱਧੂ ਵੱਲੋਂ ਨਿਭਾਈ ਗਈ। ਇਸ ਮੌਕੇ ਸਮੁੱਚੀ ਗ੍ਰਾਮ ਪੰਚਾਇਤ ਗੁਰਨਾਮ ਕੌਰ, ਇੰਦਰਜੀਤ ਕੌਰ, ਬੇਅੰਤ ਕੌਰ, ਜਸਵੀਰ ਕੌਰ, ਕੁਲਵੀਰ ਕੌਰ, ਭੋਲਾ ਸਿੰਘ, ਸੁਖਦੇਵ ਸਿੰਘ, ਜਸਵੀਰ ਸਿੰਘ, ਗੁਰਜੰਟ ਸਿੰਘ, ਗੁਰੂ ਹਰਗੋਬਿੰਦ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਲਹਿਰੀ ਦੇ ਪ੍ਰਿੰਸੀਪਲ ਲਖਵਿੰਦਰ ਸਿੰਘ ਸਿੱਧੂ, ਦਲਜੀਤ ਸਿੰਘ ਨੰਬਰਦਾਰ ਸਮੇਤ ਪਿੰਡ ਦੀਆਂ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਅਤੇ ਵੱਡੀ ਗਿਣਤੀ ਵਿੱਚ ਮਹਿਲਾਵਾਂ, ਬੱਚੇ ਅਤੇ ਪਿੰਡ ਵਾਸੀ ਹਾਜ਼ਰ ਸਨ।

# ਲਾਈਫ ਕੇਅਰ ਫਾਉਂਡੇਸ਼ਨ ਲੈਬੋਰਟਰੀਜ ਵਲੋਂ ਸੈਂਪਲ ਕਲੈਕਸ਼ਨ ਸੈਂਟਰ ਅਤੇ ਲਗਾਇਆ ਮੈਡੀਕਲ ਕੈਂਪ




**ਚੌਕ ਮਹਿਤਾ 23 ਅਗਸਤ ( ਬਾਬਾ ਸੁਖਵੰਤ ਸਿੰਘ ਚੰਨਣਕੇ)**-ਪੱਤਰਕਾਰਾ ਨਾਲ ਗੱਲਬਾਤ ਕਰਦਿਆਂ ਗੁਰਮਤਿ ਪ੍ਰਸਾਰ ਸੇਵਾ ਸੁਸਾਇਟੀ ਦੇ ਡੀ ਪੀ ਸਿੰਘ,ਸਾਬਕਾ ਸੀ ਈ ਓ ਸ੍ਰੀ ਹਜ਼ੂਰ ਸਾਹਿਬ ,ਸਾਬਕਾ ਸੀ ਈ ਓ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ,ਸਾਬਕਾ ਡੀ ਜੀ ਐਮ ਪੰਜਾਬ ਐਂਡ ਸਿੰਧ ਬੈਂਕ ਫਾਉਂਡੇਰ ਮੈਂਬਰ ਸਲਾਹਕਾਰ ਅਤੇ ਸਾਬਕਾ ਪ੍ਰਧਾਨ ਜੀ ਪੀ ਐਸ ਐਸ ਬ੍ਰਾਂਚ ਇੰਚਾਰਜ ਤੇਰਾ ਹੀ ਤੇਰਾ ਮੈਡੀਕੋਜ਼ ਚੰਡੀਗੜ੍ਹ ਗੁਰਮਤਿ ਪ੍ਰਸਾਰ ਸੇਵਾ ਸੁਸਾਇਟੀ ( ਰਜਿ) ਖਰੜ ਦੇ ਮੈਡੀਕਲ ਸੈਂਟਰ ਵਿਖੇ ਲਾਈਫ ਕੇਅਰ ਫਾਉਂਡੇਸ਼ਨ ਦੇ ਸੈਂਪਲ ਕਲੈਕਸ਼ਨ ਸੈਂਟਰ ਦਾ ਉਦਘਾਟਨ ਕੀਤਾ ਗਿਆ। ਇਹ ਸੈਂਟਰ ਸੋਮਵਾਰ ਤੋਂ ਐਤਵਾਰ, ਸਵੇਰੇ 7:00 ਵਜੇ ਤੋਂ ਦੁਪਹਿਰ 12:00 ਵਜੇ ਤੱਕ ਖੁੱਲ੍ਹਾ ਰਹੇਗਾ। ਪ੍ਰੋਗਰਾਮ ਦੀ ਸ਼ੁਰੂਆਤ ਲਾਈਫ ਕੇਅਰ ਫਾਉਂਡੇਸ਼ਨ ਦੀ ਇਸ ਪਹਿਲ ਅਤੇ ਮੈਡੀਕਲ ਕੈਂਪ ਦੀ ਸਫਲਤਾ ਲਈ ਅਰਦਾਸ ਨਾਲ ਕੀਤੀ ਗਈ ਅਤੇ ਸਮੁੱਚੇ ਭਾਈਚਾਰੇ ਦੀ ਸਿਹਤ ਤੇ ਤੰਦਰੁਸਤੀ ਲਈ ਅਸ਼ੀਰਵਾਦ ਮੰਗਿਆ ਗਿਆ ਇਸ ਉਪਰੰਤ ਸਵੇਰੇ 10:00 ਵਜੇ ਤੋਂ ਦੁਪਹਿਰ 1:00 ਵਜੇ ਤੱਕ ਇੱਕ ਵਿਸ਼ਾਲ ਮੈਡੀਕਲ ਕੈਂਪ ਲਗਾਇਆ ਗਿਆ, ਜਿਸ ਵਿੱਚ ਮੁਫ਼ਤ ਮੈਮੋਗ੍ਰਾਫੀ, ਬੋਨ ਡੈਂਸਿਟੀ ਸ਼ੂਗਰ, ਕਿਡਨੀ ਅਤੇ ਯੂਰਿਕ ਐਸਿਡ ਟੈਸਟ, ਨਾਲ ਹੀ ਮੁਫ਼ਤ ਓ ਪੀ ਡੀ ਸਲਾਹ ਅਤੇ ਦਵਾਈਆਂ ਮੁਹੱਈਆ ਕਰਵਾਈਆਂ ਗਈਆਂ ਕਾਰਡੀਓਲੋਜੀ, ਡੈਂਟਲ ਕੇਅਰ, ਜਨਰਲ ਮੈਡੀਸਨ, ਹੋਮਿਓਪੈਥੀ ਅਤੇ ਅੱਖਾਂ ਸਮੇਤ ਵੱਖ-ਵੱਖ ਖੇਤਰਾਂ ਦੇ ਡਾਕਟਰਾਂ ਅਤੇ ਮਾਹਿਰਾਂ ਵੱਲੋਂ ਮੁਫ਼ਤ ਸਲਾਹ ਦਿੱਤੀ ਗਈ ਕੈਂਪ ਨੂੰ ਭਰਵਾਂ ਹੁੰਗਾਰਾ ਮਿਲਿਆ ਅਤੇ ਕੁੱਲ 359 ਮਰੀਜ਼ਾਂ ਨੇ ਵੱਖ-ਵੱਖ ਸਿਹਤ ਸੇਵਾਵਾਂ ਦਾ ਲਾਭ ਉਠਾਇਆ। ਗੁਰਮਤਿ ਪ੍ਰਸਾਰ ਸੇਵਾ ਸੁਸਾਇਟੀ ਵੱਲੋਂ ਲਾਈਫ ਕੇਅਰ ਫਾਉਂਡੇਸ਼ਨ ਲੈਬੋਰਟਰੀ ਸਮੂਹ ਭਾਗ ਲੈਣ ਵਾਲੇ ਡਾਕਟਰਾਂ, ਵਲੰਟੀਅਰਾਂ ਅਤੇ ਕੈਂਪ ਦੀ ਸਫਲਤਾ ਵਿੱਚ ਯੋਗਦਾਨ ਪਾਉਣ ਵਾਲੇ ਸਾਰੇ ਸਹਿਯੋਗੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਜਾਂਦਾ ਹੈ।

# ਪੰਜਾਬ ਦੇ ਲੋਕ ਕਾਂਗਰਸ ਦੀ ਸਰਕਾਰ ਬਣਾਉਣ ਲਈ ਉਤਾਵਲੇ: ਸੱਚਰ

## ਚੰਨਣਕੇ ਵਿਖੇ ਮੀਟਿੰਗ ਦੌਰਾਨ ਸੱਤਾਧਾਰੀਆਂ 'ਤੇ ਵਰ੍ਹੇ ਸੱਚਰ, ਕਿਹਾ-ਲੋਕਾਂ ਨੇ ਬਦਲਾਅ ਦਾ ਮਨ ਬਣਾਇਆ

**ਚੌਕ ਮਹਿਤਾ, 23 ,ਅਗਸਤ (ਬਾਬਾ ਸੁਖਵੰਤ ਸਿੰਘ ਚੰਨਣਕੇ )**-ਹਲਕਾ ਮਜੀਠਾ ਦੇ ਪਿੰਡ ਚੰਨਣਕੇ ਵਿਖੇ ਸਾਬਕਾ ਸਰਪੰਚ ਪ੍ਰਗਟ ਸਿੰਘ ਵੱਲੋਂ ਕਰਵਾਈ ਗਈ ਮੀਟਿੰਗ ਨੂੰ ਸੰਬੋਧਨ ਕਰਦਿਆਂ ਸੀਨੀਅਰ ਕਾਂਗਰਸੀ ਆਗੂ ਅਤੇ ਹਲਕਾ ਇੰਚਾਰਜ ਮਜੀਠਾ ਭਗਵੰਤ ਪਾਲ ਸਿੰਘ ਸੱਚਰ ਨੇ ਕਿਹਾ ਕਿ ਪੰਜਾਬ ਦੇ ਲੋਕ ਮੌਜੂਦਾ ਸਰਕਾਰ ਦੀ ਕਾਰਗੁਜ਼ਾਰੀ ਤੋਂ ਬੇਹੱਦ ਨਿਰਾਸ਼ ਹਨ ਅਤੇ ਹੁਣ ਸੂਬੇ ਵਿੱਚ ਕਾਂਗਰਸ ਦੀ ਸਰਕਾਰ ਬਣਾਉਣ ਲਈ ਉਤਾਵਲੇ ਹਨ। ਉਨ੍ਹਾਂ ਕਿਹਾ ਕਿ ਲੋਕਾਂ ਨੇ ਬਦਲਾਅ ਦਾ ਮਨ ਬਣਾ ਲਿਆ ਹੈ ਅਤੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਦੇ ਹੱਕ ਵਿੱਚ ਫੈਸਲਾ ਕਰਨਗੇ। ਸੱਚਰ ਨੇ ਕਿਹਾ ਕਿ ਸੱਤਾ ਵਿੱਚ ਆਉਣ ਤੋਂ ਪਹਿਲਾਂ ਵੱਡੇ-ਵੱਡੇ ਵਾਅਦੇ ਕਰਨ ਵਾਲੀ ਸਰਕਾਰ ਅੱਜ ਆਪਣੇ ਹੀ ਵਾਅਦਿਆਂ ਤੋਂ ਭੱਜਦੀ ਨਜ਼ਰ ਆ ਰਹੀ ਹੈ। ਨੌਜਵਾਨ ਰੁਜ਼ਗਾਰ ਦੀ ਭਾਲ ਵਿੱਚ ਭਟਕ ਰਹੇ ਹਨ, ਕਿਸਾਨ ਅਤੇ ਮਜ਼ਦੂਰ ਆਪਣੀਆਂ ਸਮੱਸਿਆਵਾਂ ਨੂੰ ਲੈ ਕੇ ਪ੍ਰੇਸ਼ਾਨ ਹਨ ਅਤੇ ਆਮ ਪਰਿਵਾਰ ਮਹਿੰਗਾਈ ਦੇ ਬੋਝ ਹੇਠ ਦੱਬੇ ਹੋਏ ਹਨ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਇਸ਼ਿਤਹਾਰਾਂ ਅਤੇ ਪ੍ਰਚਾਰ 'ਤੇ ਤਾਂ ਕਰੋੜਾਂ ਰੁਪਏ ਖਰਚ ਕੀਤੇ ਜਾ ਰਹੇ ਹਨ, ਪਰ ਜ਼ਮੀਨੀ ਪੱਧਰ 'ਤੇ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਲਈ ਸੰਘਰਸ਼ ਕਰਨਾ ਪੈ ਰਿਹਾ ਹੈ। ਸੱਤਾਧਾਰੀਆਂ 'ਤੇ ਤਿੱਖਾ ਹਮਲਾ ਕਰਦਿਆਂ ਸੱਚਰ ਨੇ ਕਿਹਾ ਕਿ ਪੰਜਾਬ ਦੇ ਲੋਕ ਹੁਣ ਸਿਰਫ਼ ਭਾਸ਼ਣ ਨਹੀਂ, ਸਗੋਂ ਕੰਮ ਦਾ ਹਿਸਾਬ ਮੰਗ ਰਹੇ ਹਨ। ਉਨ੍ਹਾਂ ਕਿਹਾ ਕਿ ਜਿਹੜੇ ਵਾਅਦੇ ਕਰਕੇ ਸਰਕਾਰ ਸੱਤਾ ਵਿੱਚ ਆਈ ਸੀ, ਉਨ੍ਹਾਂ ਵਿੱਚੋਂ ਕਿੰਨੇ ਵਾਅਦੇ ਪੂਰੇ ਹੋਏ ਹਨ, ਇਸ ਦਾ ਜਵਾਬ ਸਰਕਾਰ ਨੂੰ ਲੋਕਾਂ ਦੀ ਕਚਹਿਰੀ ਵਿੱਚ ਦੇਣਾ ਪਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਕਾਂਗਰਸ ਦੀ ਮਜ਼ਬੂਤ ਜਥੇਬੰਦੀ ਪਿੰਡ-ਪਿੰਡ ਲੋਕਾਂ ਨਾਲ ਸੰਪਰਕ ਕਰ ਰਹੀ ਹੈ। ਵਰਕਰਾਂ ਦੀ ਮਿਹਨਤ ਅਤੇ ਲੋਕਾਂ ਦੇ ਮਿਲ ਰਹੇ ਪਿਆਰ ਤੋਂ ਸਪੱਸ਼ਟ ਹੈ ਕਿ 2027 ਵਿੱਚ ਕਾਂਗਰਸ ਦੀ ਸਰਕਾਰ ਬਣਨ ਦਾ ਰਾਹ ਤੈਅ ਹੋ ਚੁੱਕਾ ਹੈ। ਉਨ੍ਹਾਂ ਵਰਕਰਾਂ ਨੂੰ ਸੱਦਾ ਦਿੱਤਾ ਕਿ ਉਹ ਆਪਸੀ ਇਕਜੁੱਟਤਾ ਨਾਲ ਪਾਰਟੀ ਦੀਆਂ ਨੀਤੀਆਂ ਅਤੇ ਪਿਛਲੀਆਂ ਕਾਂਗਰਸ ਸਰਕਾਰਾਂ ਵੱਲੋਂ ਕੀਤੇ ਵਿਕਾਸ ਕਾਰਜਾਂ ਨੂੰ ਘਰ-ਘਰ ਪਹੁੰਚਾਉਣ। ਕਿਉਂਕਿ ਕਾਂਗਰਸ ਪੰਜਾਬ ਦੀ ਤਰੱਕੀ, ਕਿਸਾਨਾਂ ਦੀ ਖੁਸ਼ਹਾਲੀ, ਨੌਜਵਾਨਾਂ ਦੇ ਰੁਜ਼ਗਾਰ ਅਤੇ ਹਰ ਵਰਗ ਦੇ ਸਨਮਾਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲਾ ਸਮਾਂ ਕਾਂਗਰਸ ਦਾ ਹੈ ਅਤੇ ਪੰਜਾਬ ਦੇ ਲੋਕ ਸੂਬੇ ਨੂੰ ਮੁੜ ਵਿਕਾਸ ਅਤੇ ਖੁਸ਼ਹਾਲੀ ਦੇ ਰਾਹ 'ਤੇ ਲਿਜਾਣ ਲਈ ਕਾਂਗਰਸ ਨੂੰ ਮਜ਼ਬੂਤ ਕਰਨਗੇ। ਇਸ ਮੌਕੇ ਸਾਬਕਾ ਚੇਅਰਮੈਨ ਗੁਰਮੀਤ ਸਿੰਘ ਭੀਲੋਵਾਲ, ਸਾਬਕਾ ਸਰਪੰਚ ਪ੍ਰਗਟ ਸਿੰਘ , ਸਾਬਕਾ ਸਰਪੰਚ ਦਵਿੰਦਰ ਸਿੰਘ ਚੰਨਣਕੇ ਨਿੱਕੇ, ਸਰਬਜੀਤ ਸਿੰਘ, ਪਰਮਜੀਤ ਸਿੰਘ ਭੋਏਵਾਲ, ਜਸਵਿੰਦਰ ਸਿੰਘ ਅਠਵਾਲ, ਮਾਸਟਰ ਬਖਸੀਸ ਸਿੰਘ, ਸੁਖਬੀਰ ਸਿੰਘ ਬੋਪਾਰਾਏ, ਸੰਨੀ ਕਾਜ਼ੀਕੋਟ , ਸ਼ਮਸ਼ੇਰ ਸਿੰਘ ਬਾਬੋਵਾਲ, ਗੁਰਪ੍ਰੀਤ ਸਿੰਘ ਨੰਬਰਦਾਰ, ਰਣਜੀਤ ਸਿੰਘ ਅਰਜਨਮਾਗਾ ਸਮੇਤ ਵੱਡੀ ਗਿਣਤੀ ਵਿੱਚ ਕਾਂਗਰਸੀ ਵਰਕਰ ਅਤੇ ਪਿੰਡ ਵਾਸੀ ਹਾਜ਼ਰ ਸਨ।



### ਸਮੂਹ ਬੰਦੀ ਸਿੰਘਾਂ ਦੀ ਰਿਹਾਈ ਸਰਕਾਰ ਨੂੰ ਬਿਨਾਂ ਸ਼ਰਤ ਕਰਨੀ ਚਾਹੀਦੀ ਹੈ : ਜਥੇਦਾਰ ਜਸਵੀਰ ਸਿੰਘ ਰੋਡੇ

# ਜਥੇਦਾਰ ਸਵਰਨਜੀਤ ਸਿੰਘ ਦੀ ਸਿੱਖ ਕੌਮ ਅਤੇ ਸਮਾਜ ਪ੍ਰਤੀ ਵੱਡੀ ਦੇਣ














ਆਵਾਜ਼ਿ ਕੌਮ
AWAZE QAUM
International Newspaper & WEB TV








ਸ਼ਹੀਦ ਬਾਬਾ ਬੇਅੰਤ ਸਿੰਘ ਦੀ ਯਾਦ ਵਿੱਚ ਗੁਰਦੁਆਰਾ ਸ਼ਹੀਦਾਂ ਸਿੰਘਾਂ ਪਿੰਡ ਚੌਹੜਾ, ਡਘਾਮ ( ਕੋਟ ਪੱਲੀਆਂ ) ਵਿਖੇ ਮਹਾਨ ਗੁਰਮਤਿ ਬਰਸੀ ਸਮਾਗਮ ਜਥੇਦਾਰ ਸਵਰਨਜੀਤ ਸਿੰਘ ਮੁਖੀ ਤਰਨਾ ਦਲ ਦੁਆਬਾ ਦੇ ਪ੍ਰਬੰਧਾਂ ਹੇਠ ਬੜੀ ਸ਼ਰਧਾ ਪੂਰਵਕ ਕਰਵਾਇਆ ਗਿਆ ਇਸ ਬਰਸੀ ਸਮਾਗਮ ਦੌਰਾਨ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪੈਣ ਉਪਰੰਤ ਰਾਗੀ ਜਥਾ ਭਾਈ ਬਲਵੰਤ ਸਿੰਘ ਬਕਾਪੁਰ ਵਾਲੇ ਅਤੇ ਭਾਈ ਬਿਕਰਮਜੀਤ ਸਿੰਘ ਮਹਿੰਦਪੁਰ ਦੇ ਜਥਿਆਂ ਨੇ ਰਸ ਭਿੰਨਾ ਕੀਰਤਨ ਕੀਤਾ ,ਕਥਾਵਾਚਕ ਗਿਆਨੀ ਬਲਕਾਰ ਸਿੰਘ ਗੁਰੂ ਨਾਨਕ ਦਲ ਮੜੀਆਂ ਵਾਲੇ ਸੰਗਤਾਂ ਨੂੰ ਕਥਾ ਨਾਲ ਜੋੜਿਆ, ਅਤੇ ਪੰਥ ਪ੍ਰਸਿੱਧ ਕਵੀਸ਼ਰੀ ਜਥਾ ਗਿਆਨੀ ਕੇਵਲ ਸਿੰਘ ਮਹਿਤਾ ਚੌਂਕ ਵਾਲਿਆਂ ਨੇ ਸ਼ਹੀਦਾਂ ਦੇ ਇਤਿਹਾਸ ਸੁਣਾ ਕੇ ਸੰਗਤਾਂ ਵਿੱਚ ਜੋਸ਼ ਭਰਿਆ,ਇਸ ਸਮਾਗਮ ਦੌਰਾਨ ਸੰਗਤਾਂ ਨੂੰ ਸੰਬੋਧਨ ਕਰਦਿਆਂ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਰੋਡੇ ਨੇ ਆਖਿਆ ਕਿ ਕਿ ਸਰਕਾਰ ਸਮੂਹ ਬੰਦੀ ਸਿੰਘਾਂ ਨੂੰ ਤੁਰੰਤ ਬਿਨਾਂ ਸ਼ਰਤ ਰਿਹਾ ਕਰੇ ਤੇ ਕੌਮੀ ਇਨਸਾਫ ਮੋਰਚੇ ਵੱਲੋਂ ਚੰਡੀਗੜ੍ਹ ਵਿੱਚ ਬੰਦੀ ਸਿੰਘਾਂ ਨੂੰ ਰਿਹਾ ਕਰਵਾਉਣ ਲਈ ਕੱਢੇ ਮਾਰਚ ਵਿੱਚ ਗ੍ਰਿਫਤਾਰ ਕੀਤੇ ਨੌਜਵਾਨਾਂ ਨੂੰ ਤੁਰੰਤ ਛੱਡੇ ਅਤੇ ਉਹਨਾਂ ਤੇ ਦਰਜ ਕੀਤੇ ਪਰਚੇ ਵਾਪਸ ਲਏ ਜਾਣ ਅਤੇ ਪੰਥਕ ਆਗੂਆਂ ਨਾਲ ਗੱਲਬਾਤ ਕਰਕੇ ਸਰਕਾਰ ਸਾਰੇ ਮਸਲੇ ਹੱਲ ਕਰ ਸਕਦੀ ਸਰਕਾਰਾਂ ਸਿੱਖ ਕੌਮ ਨੂੰ ਜਲੀਲ ਨਾ ਕਰੇ ਅਤੇ ਉਹਨਾਂ ਅੱਗੇ ਕਿਹਾ ਜਥੇਦਾਰ ਸਵਰਨਜੀਤ ਸਿੰਘ ਦੀਆਂ ਸੇਵਾਵਾਂ ਸਿੱਖਾ ਪ੍ਰਤੀ ਸਮਾਜ ਪ੍ਰਤੀ ਮਹਾਨ ਸੇਵਾਵਾਂ ਕਰਦੇ ਹਨ,ਹਰ ਵਖਤ ਲੋਕ ਭਲਾਈ ਦੇ ਕਾਰਜ ਲਈ ਤੱਤਪਰ ਰਹਿੰਦੇ ਹਨ,ਇਸ ਤੋਂ ਇਲਾਵਾ ਸਮਾਗਮ ਵਿੱਚ ਪਹੁੰਚੀਆਂ ਸ਼ਖ਼ਸੀਅਤ ਦਾ ਜਥੇਦਾਰ ਸਵਰਨਜੀਤ ਸਿੰਘ ਮੁਖੀ ਮਿਸ਼ਲ ਸ਼ਹੀਦਾਂ ਤਰਨਾ ਦਲ ਦੁਆਬਾ ਵਲੋਂ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਅਤੇ ਸੰਗਤਾਂ ਦਾ ਧੰਨਵਾਦ ਕੀਤਾ ਗਿਆ। ਸਮਾਗਮ ਦੌਰਾਨ ਚਾਹ ਪਕੌੜੇ ਅਤੇ ਪ੍ਰਸ਼ਾਦੇ ਦਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ , ਜਥੇਦਾਰ ਬਾਬਾ ਨਾਗਰ ਸਿੰਘ ਤਰਨਾ ਦਲ ਹਰੀਆਂ ਵੇਲਾਂ, ਬਾਬਾ ਸਰਵਣ ਸਿੰਘ ਰਸਾਲਦਾਰ ਬੁੱਢਾ ਦਲ, ਸੰਤ ਜਤਿੰਦਰ ਸਿੰਘ ਗੋਬਿੰਦ ਬਾਗ ਵਾਲੇ ਕਾਰਜਕਾਰੀ ਪ੍ਰਧਾਨ ਪੰਥਕ ਦਲ, ਸੰਤ ਬਾਬਾ ਨਛੱਤਰ ਸਿੰਘ ਅਲਾਚੌਰ ਵਾਲੇ , ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ ਮੈਂਬਰ ਐਸ ਜੀ ਪੀ ਸੀ , ਸੁਆਮੀ ਬਾਬਾ ਹਰਨਾਮ ਸਿੰਘ ,ਸੰਤ ਮਾਤਾ ਜਸਪ੍ਰੀਤ ਕੌਰ ਮਹਲਪੁਰ ਬੂੰਗੇ ਵਾਲੇ , ਬਾਬਾ ਸੁਖਵਿੰਦਰ ਸਿੰਘ ਅਗਵਾਨ , ਜਥੇਦਾਰ ਤਜਿੰਦਰ ਸਿੰਘ ਲੰਬੜਦਾਰ , ਚੇਅਰਮੈਨ ਇੰਦਰਜੀਤ ਸਿੰਘ ਵਾਰੀਆ ਬਾਬਾ ਪ੍ਰੇਮ ਸਿੰਘ ਸਮਰਾਏ, ਜਥੇਦਾਰ ਅੰਗਰੇਜ ਸਿੰਘ ਖਿਦੋਵਾਲੀ, ਜਥੇਦਾਰ ਸੁਖਦੀਪ ਸਿੰਘ ਸੁਕਾਰ,ਜਥੇਦਾਰ ਜਗਦੀਪ ਸਿੰਘ ਬਲਾਚੌਰ ਬਾਬਾ ਸਤਨਾਮ ਸਿੰਘ ਵੱਲੀਆਂ, ਬਾਬਾ ਸਰਬਜੀਤ ਸਿੰਘ ਠੱਕਰਵਾਲ ਬਾਬਾ ਸਤਪਾਲ ਸਿੰਘ ਅੰਮ੍ਰਿਤਸਰੀ ਭਾਈਆਂ ਦੀ ਹੱਟੀ ਗੜਸ਼ੰਕਰ ਵਾਲੇ , ਭਾਈ ਕਿਰਪਾ ਸਿੰਘ ਪ੍ਰਧਾਨ ਕਿਸਾਨ ਬਚਾਓ ਮੋਰਚਾ ਚੇਅਰਮੈਨ ਬਲਦੀਪ ਸਿੰਘ ਗੜਸ਼ੰਕਰ, ਸਰਪੰਚ ਨਿਸ਼ਾਨ ਵੀਰ ਸਿੰਘ ਭੀਣ, ਸਰਦਾਰ ਤਰਲੋਕ ਸਿੰਘ ਨਾਗਪਾਲ, ਤਰਲੋਕ ਸਿੰਘ ਬੀਆਂ ਵਾਲੇ ਅਵਤਾਰ ਸਿੰਘ ਪਠਲਾਵਾ, ਸਰਪੰਚ ਬਲਜਿੰਦਰ ਸਿੰਘ ਉੱਚੀ ਪੱਲੀ , ਗਿਆਨੀ ਗਿਆਨ ਸਿੰਘ ਪੱਲੀ ਝਿੱਕੀ , ਠੇਕੇਦਾਰ ਦਿਲਬਾਗ ਸਿੰਘ, ਬਲਵੀਰ ਸਿੰਘ ਬਸਿਆਲਾ, ਅਵਤਾਰ ਸਿੰਘ ਵੈਲਜੀਅਮ, ਠੇਕੇਦਾਰ ਸਰਬਜੀਤ ਸਿੰਘ ਡਘਾਮ ਅਤੇ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਇਲਾਕੇ ਦੇ ਪੰਚ ਸਰਪੰਚ ਅਤੇ ਮੌਹਤਵਾਰ ਆਗੂਆ ਨੇ ਪਹੁੰਚੇ ਕੇ ਆਪਣੀ ਹਾਜਰੀ ਲਗਵਾਈ।ਅੰਤ ਵਿੱਚ ਸਮਾਗਮ ਦੌਰਾਨ ਪਹੁੰਚੀਆਂ ਹੋਈਆਂ ਸੰਗਤਾਂ ਦਾ ਜਥੇਦਾਰ ਸਵਰਨਜੀਤ ਸਿੰਘ ਨੇ ਧੰਨਵਾਦ ਕੀਤਾ।

**ਰਿਪੋਰਟ : ਹਰਪ੍ਰੀਤ ਸਿੰਘ ਪਠਲਾਵਾ**

ਧਨ ਧਨ ਬਾਬਾ ਨੰਦ ਸਿੰਘ ਜੀ ਕਲੇਰਾਂ ਵਾਲਿਆਂ ਦੀ 83ਵੀਂ ਸਾਲਾਨਾ ਬਰਸੀ ਸਮਾਗਮ ਯੂ.ਕੇ. ਵਿਖੇ

# 22 ਤੋਂ 30 ਅਗਸਤ ਤੱਕ ਸ਼ਰਧਾ ਨਾਲ ਮਨਾਈ ਜਾਵੇਗੀ; ਸ਼੍ਰੀ ਅਖੰਡ ਪਾਠਾਂ ਦੀ ਲੜੀ ਆਰੰਭ










**ਫਿਰੋਜ਼ਪੁਰ, 23 ਅਗਸਤ (ਮਨੋਹਰ ਲਾਲ)**-ਧੰਨ ਧੰਨ ਸਾਹਿਬ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਅਪਾਰ ਬਖਸ਼ਿਸ਼ਾਂ ਨਾਲ ਧੰਨ ਧੰਨ ਬਾਬਾ ਨੰਦ ਸਿੰਘ ਜੀ ਕਲੇਰਾਂ ਵਾਲਿਆਂ ਦੀ 83ਵੀਂ ਸਾਲਾਨਾ ਬਰਸੀ ਸਮਾਗਮ 'ਬਾਬੇ ਕੇ ਫਾਰਮ', ਸਟਰੈਟਫੋਰਡ ਅਪਾਨ ਐਵਨ, ਵਾਰਵਿਕਸ਼ਾਇਰ (ਸੀਵੀ37 0ਪੀਕਓ) ਵਿਖੇ 22 ਅਗਸਤ ਤੋਂ 30 ਅਗਸਤ 2026 ਤੱਕ ਬਹੁਤ ਹੀ ਸ਼ਰਧਾ, ਭਾਵਨਾ ਅਤੇ ਧੂਮਧਾਮ ਨਾਲ ਕਰਵਾਇਆ ਜਾ ਰਿਹਾ ਹੈ। ਇਸ ਮਹਾਨ ਬਰਸੀ ਸਮਾਗਮ ਦੀ ਆਰੰਭਤਾ ਮੌਕੇ ਸ਼੍ਰੀ ਅਖੰਡ ਪਾਠ ਸਾਹਿਬਾਨ ਦੀ ਪਹਿਲੀ ਲੜੀ ਆਰੰਭ ਹੋ ਚੁੱਕੀ ਹੈ, ਜਿਸ ਦੇ ਭੋਗ24 ਅਗਸਤ ਨੂੰ ਪਾਏ ਜਾਣ ਗ ਏ ਅਤੇ ਦੂਸਰੀ ਲੜੀ 24ਅਗਸਤ ਤੋ ਲੈ ਕੇ 26 ਅਗਸਤ ਨੂੰ ਭੋਗ ਪਾਏ ਜਾਣ ਗਏ ਇਸੇ ਤਰ੍ਹਾਂ ਤੀਸਰੀ ਲੜੀ 26ਅਗਸਤ ਨੂੰ ਆਰੰਭ ਜਿਸ ਦੇ ਭੋਗ28 ਅਗਸਤ ਨੂੰ ਪਾਏ ਜਾਣ ਗਏ ਇਸੇ ਤਰ੍ਹਾਂ ਚੋਥੀ ਲੜੀ 28ਅਗਸਤ ਨੂੰ ਆਰੰਭ ਜਿਸ ਦੇ ਭੋਗ 30ਅਗਸਤ ਨੂੰ ਪਾਏ ਜਾਣ ਗਏ। ਇੰਗਲੈਂਡ ਦੀ ਧਰਤੀ 'ਤੇ ਮਨਾਏ ਜਾ ਰਹੇ ਇਸ 83ਵੇਂ ਬਰਸੀ ਸਮਾਗਮ ਵਿੱਚ ਹਾਜ਼ਰੀ ਭਰਨ ਲਈ ਸ਼੍ਰੀਮਾਨ ਸੰਤ ਬਾਬਾ ਬਲਵੀਰ ਸਿੰਘ ਜੀ ਸੀਚੇਵਾਲ ਅੱਜ ਬਰਮਿੰਘਮ ਏਅਰਪੋਰਟ 'ਤੇ ਪਹੁੰਚੇ, ਜਿੱਥੇ ਇੰਗਲੈਂਡ ਨਿਵਾਸੀਆਂ ਅਤੇ ਸੰਗਤਾਂ ਵੱਲੋਂ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ 'ਬਾਬੇ ਕੇ ਫਾਰਮ' ਦੇ ਪ੍ਰਬੰਧਕ ਜਸਵਿੰਦਰ ਸਿੰਘ ਕਾਲਾ ਨੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਸਾਡੇ ਵੱਡੇ ਭਾਗ ਹਨ ਜੋ ਸਾਨੂੰ ਸੰਤ ਬਾਬਾ ਬਲਵੀਰ ਸਿੰਘ ਜੀ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਪ੍ਰਬੰਧਕਾਂ ਵੱਲੋਂ ਸੰਤ ਬਾਬਾ ਬਲਵੀਰ ਸਿੰਘ ਜੀ ਸੀਚੇਵਾਲ ਨੂੰ ਸਿਰੋਪਾਓ ਦੀ ਬਖਸ਼ਿਸ਼ ਕਰਕੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਸਨਮਾਨ ਲਈ ਧੰਨਵਾਦ ਕਰਦਿਆਂ ਸੰਤ ਬਾਬਾ ਬਲਵੀਰ ਸਿੰਘ ਸੀਚੇਵਾਲ ਨੇ ਆਖਿਆ, ਇੰਗਲੈਂਡ ਦੀਆਂ ਸੰਗਤਾਂ ਮੈਨੂੰ ਬਹੁਤ ਮਾਣ-ਸਤਿਕਾਰ ਦਿੰਦੀਆਂ ਹਨ, ਜਿਸ ਦਾ ਮੈਂ ਸਦਾ ਰਿਣੀ ਹਾਂ। ਇਸ ਨੌਂ ਦਿਨਾ ਧਾਰਮਿਕ ਸਮਾਗਮ ਦੌਰਾਨ ਦੂਰ-ਦੁਰਾਡੇ ਤੋਂ ਪੁੱਜਣ ਵਾਲੀਆਂ ਸੰਗਤਾਂ ਲਈ ਗੁਰੂ ਕੇ ਲੰਗਰ, ਰਹਿਣ-ਸਹਿਣ ਅਤੇ ਹੋਰ ਸੇਵਾਵਾਂ ਦੇ ਸੁਚੱਜੇ ਪ੍ਰਬੰਧ ਕੀਤੇ ਗਏ ਹਨ। ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸੰਗਤਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਪਰਿਵਾਰਾਂ ਸਮੇਤ ਇਨ੍ਹਾਂ ਸਮਾਗਮਾਂ ਵਿੱਚ ਹਾਜ਼ਰੀ ਭਰ ਕੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਅਤੇ ਬਖਸ਼ਿਸ਼ਾਂ ਪ੍ਰਾਪਤ ਕਰਨ।

ਆਵਾਜ਼ਿ ਕੌਮ AWAZE QAUM International Newspaper & WEB TV

ਮਾਰਕੀਟ ਕਮੇਟੀ ਗਹਿਰੀ ਮੰਡੀ ਵਿਖੇ

# ਹਰਪਾਲ ਸਿੰਘ ਚੌਹਾਨ ਚੇਅਰਮੈਨ ਨਿਯੁਕਤ



**ਜੰਡਿਆਲਾ ਗੁਰੂ, 23 ਅਗਸਤ ( ਕੁਲਵੰਤ ਸਿੰਘ ਵਿਰਦੀ )**-ਮਾਰਕੀਟ ਕਮੇਟੀ ਗਹਿਰੀ ਦੇ ਨਵ-ਨਿਯੁਕਤ ਚੇਅਰਮੈਨ ਹਰਪਾਲ ਸਿੰਘ ਚੌਹਾਨ ਨੇ ਆਪਣੀ ਨਿਯੁਕਤੀ ਤੇ ਆਮ ਆਦਮੀ ਪਾਰਟੀ ਹਾਈਕਮਾਂਡ ਅਤੇ ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ. ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਨਿਯੁਕਤੀ ਨਾਲ ਉੱਨਾਂ ਨੇ ਕੰਬੋਜ ਭਾਈਚਾਰੇ ਦਾ ਮਾਣ ਵਧਾਇਆ ਹੈ। ਉੱਨਾਂ ਕਿਹਾ ਕਿ ਉਹ ਮਿਲੀ ਨਵੀਂ ਜ਼ਿੰਮੇਵਾਰੀ ਨੂੰ ਅਤੇ ਪਾਰਟੀ ਵੱਲੋ ਮੇਰੇ ਤੇ ਕੀਤੇ ਭਰੋਸੇ ਨੂੰ ਪੂਰੀ ਤਨਦੇਹੀ ਅਤੇ ਅਨੁਸ਼ਾਸਨ ਵਿੱਚ ਰਹਿ ਕਿ ਨਿਭਾਉਣਗੇ।ਉੱਨਾਂ ਕਿਹਾ ਕਿ ਪਾਰਟੀ ਹਾਈਕਮਾਂਡ ਅਤੇ ਸਥਾਨਕ ਕੈਬਨਿਟ ਮੰਤਰੀ ਤਾਂ ਧੰਨਵਾਦ ਦੇ ਪਾਤਰ ਹਨ ਹੀ ਨਾਲ ਆਮ ਆਦਮੀ ਪਾਰਟੀ ਦੇ ਮੇਰੀ ਸਾਥੀ ਆਗੂ ਅਤੇ ਵਰਕਰ ਜੋ ਹਰ ਦਮ ਮੇਰੇ ਨਾਲ ਖੜੇ ਰਹੇ ਉੱਨਾਂ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ।ਇੱਥੇ ਜਿਕਰਯੋਗ ਹੈ।ਕਿ ਕੰਬੋਜ ਭਾਈਚਾਰੇ ਨੂੰ ਲੰਬੇ ਸਮੇਂ ਬਾਅਦ ਮਿਲੀ ਇਸ ਪ੍ਰਤੀਨਿਧਤਾ ਨਾਲ ਸਮਾਜਿਕ ਪੱਧਰ 'ਤੇ ਮਾਣ-ਸਤਿਕਾਰ ਵਧਿਆ ਹੈ। ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ. ਅਤੇ ਆਮ ਆਦਮੀ ਪਾਰਟੀ ਦੀ ਹਾਈ ਕਮਾਡ ਧੰਨਵਾਦ ਕਰਨਾ ਸਥਾਨਕ ਰਾਜਨੀਤਿਕ ਅਤੇ ਸਮਾਜਿਕ ਲਹਿਰ ਨੂੰ ਦਰਸਾਉਂਦਾ ਹੈ।ਲੰਬੇ ਸਮੇਂ ਤੋਂ ਬਾਅਦ ਮਿਲੀ ਇਹ ਨੁਮਾਇੰਦਗੀ ਕੰਬੋਜ ਭਾਈਚਾਰੇ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ।ਕੰਬੋਜ ਭਾਈਚਾਰੇ ਵੱਲੋ ਇਸ ਫੈਸਲੇ ਦਾ ਸਵਾਗਤ ਇਸ ਲਈ ਕੀਤਾ ਜਾ ਰਿਹਾ ਹੈ । ਕਿਉਂਕਿ ਇਲਾਕੇ ਵਿੱਚ ਲੰਬੇ ਸਮੇਂ ਤੋਂ ਕੰਬੋਜ ਭਾਈਚਾਰੇ ਨੂੰ ਅਜਿਹੀ ਵੱਡੀ ਜ਼ਿੰਮੇਵਾਰੀ ਕਿਸੇ ਪਾਰਟੀ ਵੱਲੋ ਵੀ ਨਹੀਂ ਮਿਲੀ ਸੀ। ਸਥਾਨਕ ਲੀਡਰਸ਼ਿਪ ਦਾ ਮਾਣ ਵਧਣ ਨਾਲ ਹਰਪਾਲ ਸਿੰਘ ਚੌਹਾਨ ਦੀ ਨਿਯੁਕਤੀ ਨਾਲ ਗਹਿਰੀ ਮੰਡੀ ਅਤੇ ਆਸ-ਪਾਸ ਦੇ ਖੇਤਰ ਦੇ ਕਿਸਾਨਾਂ, ਵਪਾਰੀਆਂ ਅਤੇ ਭਾਈਚਾਰੇ ਦੇ ਮਸਲਿਆਂ ਨੂੰ ਹੱਲ ਕਰਨ ਲਈ ਨਵੀਂ ਊਰਜਾ ਮਿਲੇਗੀ। ਪਹਿਲੀਆਂ ਸਰਕਾਰਾਂ ਦੇ ਮੁਕਾਬਲੇ ਇਸ ਨਿਯੁਕਤੀ ਨੂੰ ਭਾਈਚਾਰੇ ਦੁਆਰਾ ਇੱਕ ਅਹਿਮ ਪਹਿਲਕਦਮੀ ਵਜੋਂ ਦੇਖਿਆ ਜਾ ਰਿਹਾ ਹੈ। ਜਿਸ ਨਾਲ ਹਲਕੇ ਦੇ ਸਮਾਜਿਕ ਤਾਣੇ-ਬਾਣੇ ਅਤੇ ਸਰਕਾਰ ਵਿੱਚ ਭਾਗੀਦਾਰੀ ਨੂੰ ਬਲ ਮਿਲਦਾ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

# ਅਕਾਲੀ ਦਲ ਵਾਰਿਸ ਪੰਜਾਬ ਦੇ ਨੇ ਭਾਈ ਪੱਪਲਪ੍ਰੀਤ ਸਿੰਘ ਨੂੰ ਮਜੀਠਾ ਤੋਂ 2027 ਵਿਧਾਨ ਸਭਾ ਲਈ ਰਸਮੀਂ ਤੌਰ ਤੇ ਉਮੀਦਵਾਰ ਐਲਾਨਿਆ

## ਭਾਈ ਪੱਪਲਪ੍ਰੀਤ ਸਿੰਘ ਦੀ ਲੰਮੇ ਸਮੇਂ ਤੋਂ ਪੰਥਕ ਤੇ ਸਮਾਜਿਕ ਘਾਲਣਾਂ ਨੂੰ ਪਾਰਟੀ ਦੇ ਪਾਰਲੀਮਾਨੀ ਬੋਰਡ ਨੇ ਦਿੱਤੀ ਮਾਨਤਾ




**ਅੰਮ੍ਰਿਤਸਰ 23 ਅਗਸਤ (ਆਵਾਜ਼ਿ ਕੌਮ ਬਿਊਰੋ)**-ਅੱਜ ਅਕਾਲੀ ਦਲ ਵਾਰਿਸ ਪੰਜਾਬ ਦੇ ਵੱਲੋਂ ਇਕ ਪ੍ਰੈਸ ਕਾਨਫ਼ਰੰਸ ਪਾਰਲੀਮਾਨੀ ਬੋਰਡ ਮੈਂਬਰਾਂ ਭਾਈ ਸੁਖਵਿੰਦਰ ਸਿੰਘ ਅਗਵਾਨ ਅਤੇ ਸ੍ਰ ਪ੍ਰਗਟ ਸਿੰਘ ਸੰਧੂ ਦੀ ਅਗਵਾਈ ਵਿਚ ਜਿਲਾ ਅੰਮ੍ਰਿਤਸਰ ਹਲਕਾ ਮਜੀਠਾ ਤੋਂ ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਦੇ ਸਾਥੀ ਭਾਈ ਪੱਪਲਪ੍ਰੀਤ ਸਿੰਘ ਜੀ (ਹਾਲ ਜੇਲ੍ਹ ਗੋਇੰਦਵਾਲ) ਨੂੰ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਲਈ ਉਮੀਦਵਾਰ ਐਲਾਨਿਆ ਗਿਆ। ਇਸ ਮੌਕੇ ਮੁੱਖ ਤੌਰ ਤੇ ਭਾਈ ਪੱਪਲਪ੍ਰੀਤ ਸਿੰਘ ਦੇ ਮਾਤਾ ਰਣਧੀਰ ਕੌਰ ਜੀ ਅਤੇ ਪਾਰਟੀ ਲੀਡਰਸ਼ਿਪ ਵਿੱਚੋਂ ਭਾਈ ਅਮਰਜੀਤ ਸਿੰਘ ਵੰਨਚਿੜੀ, ਅਮਨਦੀਪ ਸਿੰਘ ਡੱਡੂਆਣਾਂ, ਭਾਈ ਸ਼ਮਸ਼ੇਰ ਸਿੰਘ ਪੱਧਰੀ, ਭਾਈ ਸੁਖਬੀਰ ਸਿੰਘ ਚੀਮਾਂ, ਭਾਈ ਪ੍ਰਗਟ ਸਿੰਘ ਰੰਧਾਵਾ, ਭਾਈ ਨਾਥਵਿੰਦਰ ਸਿੰਘ ਮਜੀਠਾ, ਭਾਈ ਬਲਜਿੰਦਰ ਸਿੰਘ ਅਲਕੜੇ, ਭਾਈ ਸੁਖਰਾਜ ਸਿੰਘ ਸੁਲਤਾਨਵਿੰਡ, ਚਾਚਾ ਸੁਖਚੈਨ ਸਿੰਘ ਜੀ, ਡਾਕਟਰ ਦਲਬੀਰ ਸਿੰਘ ਵੇਰਕਾ, ਭਾਈ ਹਰਕਮਲਪ੍ਰੀਤ ਸਿੰਘ ਜੰਡ, ਭਾਈ ਮਹਿੰਦਰਪਾਲ ਸਿੰਘ ਤੁੰਗ, ਭਾਈ ਜਰਮਨਦੀਪ ਸਿੰਘ, ਭਾਈ ਬਿਕਰਮਜੀਤ ਸਿੰਘ ਕੋਟਲਾ, ਚਾਚਾ ਕੁਲਵੰਤ ਸਿੰਘ, ਭਾਈ ਸਵਰਨ ਸਿੰਘ ਗੋਲਡਨ, ਸ੍ਰ ਬਲਜੀਤ ਸਿੰਘ ਚਾਟੀਵਿੰਡ, ਭਾਈ ਪ੍ਰਿਤਪਾਲ ਸਿੰਘ ਮੀਰਾਂਕੋਟ, ਭਾਈ ਦਲਜੀਤ ਪੱਧਰੀ, ਭਾਈ ਪਰਮਜੀਤ ਸਿੰਘ ਅਕਾਲੀ, ਭਾਈ ਗੁਰਵਿੰਦਰ ਸਿੰਘ ਝੰਡੇਰ ਅਤੇ ਭਾਈ ਲਖਬੀਰ ਸਿੰਘ ਸੋਢੀ ਹਾਜਰ ਸਨ। ਇਸ ਮੌਕੇ ਤੇ ਭਾਈ ਸੁਖਵਿੰਦਰ ਸਿੰਘ ਅਗਵਾਨ ਅਤੇ ਸ੍ਰ ਪ੍ਰਗਟ ਸਿੰਘ ਸੰਧੂ ਨੇ ਸਾਂਝੇ ਰੂਪ ਵਿੱਚ ਕਿਹਾ ਕਿ ਪਾਰਟੀ ਵੱਲੋਂ ਭਾਈ ਪੱਪਲਪ੍ਰੀਤ ਸਿੰਘ ਜੀ ਦੀ ਨਿਯੁਕਤੀ ਕਰਦਿਆਂ ਉਨ੍ਹਾਂ ਦੀਆਂ ਪੰਥਕ ਅਤੇ ਸਮਾਜਿਕ ਸਰਗਰਮੀਆਂ, ਲੋਕਾਂ ਨਾਲ ਲੰਮੇ ਸਮੇਂ ਤੋਂ ਜੁੜੇ ਸੰਪਰਕ ਅਤੇ ਪਾਰਟੀ ਦੀ ਵਿਚਾਰਧਾਰਾ ਪ੍ਰਤੀ ਸਮਰਪਣ ਨੂੰ ਧਿਆਨ ਵਿੱਚ ਰੱਖਿਆ ਗਿਆ ਹੈ ਜਿਸ ਦੇ ਤਹਿਤ ਹਲਕਾ ਮਜੀਠਾ ਵਿੱਚ ਪਾਰਟੀ ਨੂੰ ਹੋਰ ਮਜ਼ਬੂਤ ਕਰਦਿਆਂ ਲੋਕਾਂ ਦੇ ਹੱਕਾਂ, ਪੰਜਾਬ ਦੇ ਹਿੱਤਾਂ ਅਤੇ ਪੰਥਕ ਮਸਲਿਆਂ ਲਈ ਆਵਾਜ਼ ਨੂੰ ਹੋਰ ਬੁਲੰਦ ਕੀਤਾ ਜਾਵੇਗਾ। ਆਗਆਂ ਨੇ ਸਮੂਹ ਅਹੁਦੇਦਾਰਾਂ, ਵਰਕਰਾਂ ਅਤੇ ਹਲਕਾ ਮਜੀਠਾ ਦੀ ਸੰਗਤ ਨੂੰ ਅਪੀਲ ਕੀਤੀ ਕਿ ਉਹ ਭਾਈ ਪੱਪਲਪ੍ਰੀਤ ਸਿੰਘ ਜੀ ਦੀ ਅਗਵਾਈ ਹੇਠ ਇਕਜੁੱਟ ਹੋ ਕੇ ਪਾਰਟੀ ਦੀਆਂ ਨੀਤੀਆਂ ਅਤੇ ਵਿਚਾਰਧਾਰਾ ਨੂੰ ਘਰ-ਘਰ ਤੱਕ ਪਹੁੰਚਾਉਣ ਲਈ ਸਰਗਰਮੀ ਨਾਲ ਕੰਮ ਕਰਨ। ਉਹਨਾਂ ਨੇ ਭਾਈ ਪੱਪਲਪ੍ਰੀਤ ਸਿੰਘ ਜੀ ਦੀ ਮਾਤਾ ਜੀ ਸਿਰੋਪਾਓ ਦੇਕੇ ਉਹਨਾਂ ਦਾ ਸਨਮਾਨ ਕੀਤਾ ਅਤੇ ਨਵੀਂ ਜ਼ਿੰਮੇਵਾਰੀ ਲਈ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ 'ਤੇ ਆਸ ਪ੍ਰਗਟ ਕੀਤੀ ਗਈ ਕਿ ਉਹ ਹਲਕੇ ਦੇ ਲੋਕਾਂ ਦੀ ਆਵਾਜ਼ ਨੂੰ ਮਜ਼ਬੂਤੀ ਨਾਲ ਵਿਧਾਨ ਸਭਾ ਤੱਕ ਪਹੁੰਚਾਉਣਗੇ।

ਆਵਾਜ਼ਿ ਕੌਮ AWAZE QAUM International Newspaper & WEB TV

# ਮਾਰਕੀਟ ਕਮੇਟੀਆਂ ਦੇ ਨਵ ਨਿਯੁਕਤ ਚੇਅਰਮੈਨਾਂ ਤੋਂ ਕਿਸਾਨਾਂ ਨੂੰ ਬਿਹਤਰ ਸਹੂਲਤਾਂ ਦੇਣ ਦੀ ਸ੍ਰ ਹਰਭਜਨ ਸਿੰਘ ਈ.ਟੀ.ਓ ਨੇ ਉਮੀਦ ਪ੍ਰਗਟਾਈ


## ਪਹਿਲਾਂ ਰਹੇ ਚੇਅਰਮੈਨਾਂ ਨੂੰ ਬਿਹਤਰ ਸੇਵਾਵਾਂ ਲਈ ਲੋਕ ਨਿਰਮਾਣ ਮੰਤਰੀ ਨੇ ਕੀਤਾ ਸਨਮਾਨਿਤ



ਜੰਡਿਆਲਾ ਗੁਰੂ, 23 ਅਗਸਤ: ( ਕੁਲਵੰਤ ਸਿੰਘ ਵਿਰਦੀ ) ਪੰਜਾਬ ਸਰਕਾਰ ਵੱਲੋਂ ਅੱਜ ਹਰਪਾਲ ਸਿੰਘ ਚੌਹਾਨ ਨੂੰ ਮਾਰਕੀਟ ਕਮੇਟੀ ਗਹਿਰੀ ਮੰਡੀ ਅਤੇ ਲਖਵਿੰਦਰ ਸਿੰਘ ਉਸਮਾ ਨੂੰ ਮਾਰਕੀਟ ਕਮੇਟੀ ਮਹਿਤਾ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ ਸੂਬੇ ਦੇ ਲੋਕ ਨਿਰਮਾਣ ਮੰਤਰੀ ਅਤੇ ਵਿਧਾਨ ਸਭਾ ਹਲਕਾ ਜੰਡਿਆਲਾ ਗੁਰੂ ਦੇ ਵਿਧਾਇਕ ਸ. ਹਰਭਜਨ ਸਿੰਘ ਈ.ਟੀ.ਓ. ਨੇ ਦੋਵਾਂ ਨਵ-ਨਿਯੁਕਤ ਚੇਅਰਮੈਨਾਂ ਨੂੰ ਵਧਾਈ ਦਿੰਦਿਆਂ ਭਰੋਸਾ ਪ੍ਰਗਟ ਕੀਤਾ ਕਿ ਉਨ੍ਹਾਂ ਦੀ ਅਗਵਾਈ ਹੇਠ ਮਾਰਕੀਟ ਕਮੇਟੀਆਂ ਕਿਸਾਨਾਂ ਨੂੰ ਬਿਹਤਰ ਸਹੂਲਤਾਂ ਮੁਹੱਈਆ ਕਰਵਾਉਣ ਅਤੇ ਮੰਡੀਆਂ ਦੇ ਸੁਚੱਜੇ ਪ੍ਰਬੰਧ ਵਿੱਚ ਅਹਿਮ ਭੂਮਿਕਾ ਨਿਭਾਉਣਗੀਆਂ।ਲੋਕ ਨਿਰਮਾਣ ਮੰਤਰੀ ਨੇ ਕਿਹਾ ਕਿ ਪਾਰਟੀ ਵੱਲੋਂ ਇਨ੍ਹਾਂ ਵਰਕਰਾਂ ਨੂੰ ਦਿੱਤਾ ਗਿਆ ਇਹ ਮਾਣ ਉਨ੍ਹਾਂ ਦੀ ਲੰਮੇ ਸਮੇਂ ਤੋਂ ਕੀਤੀ ਜਾ ਰਹੀ ਮਿਹਨਤ, ਲਗਨ ਅਤੇ ਪਾਰਟੀ ਪ੍ਰਤੀ ਸਮਰਪਣ ਦਾ ਸਨਮਾਨ ਹੈ। ਉਨ੍ਹਾਂ ਉਮੀਦ ਜਤਾਈ ਕਿ ਨਵ-ਨਿਯੁਕਤ ਚੇਅਰਮੈਨ ਆਪਣੀ ਜ਼ਿੰਮੇਵਾਰੀ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਣਗੇ।ਇਸ ਮੌਕੇ ਸ. ਹਰਭਜਨ ਸਿੰਘ ਈ.ਟੀ.ਓ. ਵੱਲੋਂ ਨਵ-ਨਿਯੁਕਤ ਚੇਅਰਮੈਨਾਂ ਨੂੰ ਵਧਾਈ ਦੇਣ ਦੇ ਨਾਲ-ਨਾਲ ਮਾਰਕੀਟ ਕਮੇਟੀ ਗਹਿਰੀ ਮੰਡੀ ਦੇ ਪਹਿਲਾਂ ਬਣੇ ਚੇਅਰਮੈਨ ਸੂਬੇਦਾਰ ਛਨਾਖ ਸਿੰਘ ਅਤੇ ਮਾਰਕੀਟ ਕਮੇਟੀ ਮਹਿਤਾ ਦੇ ਪਹਿਲੇ ਚੇਅਰਮੈਨ ਡਾ. ਗੁਰਵਿੰਦਰ ਸਿੰਘ ਨੂੰ ਵੀ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।ਸ. ਹਰਭਜਨ ਸਿੰਘ ਈ.ਟੀ.ਓ. ਨੇ ਕਿਹਾ ਕਿ ਦੋਵਾਂ ਸਾਬਕਾ ਚੇਅਰਮੈਨਾਂ ਨੇ ਆਪਣੇ ਕਾਰਜਕਾਲ ਦੌਰਾਨ ਮਾਰਕੀਟ ਕਮੇਟੀਆਂ ਦੀਆਂ ਜ਼ਿੰਮੇਵਾਰੀਆਂ ਨੂੰ ਬਾਖੂਬੀ ਨਿਭਾਇਆ ਅਤੇ ਆਪਣੀਆਂ ਸੇਵਾਵਾਂ ਰਾਹੀਂ ਕਿਸਾਨਾਂ ਅਤੇ ਇਲਾਕਾ ਵਾਸੀਆਂ ਦੀ ਬਿਹਤਰੀ ਲਈ ਯੋਗਦਾਨ ਪਾਇਆ। ਉਨ੍ਹਾਂ ਕਿਹਾ ਕਿ ਦੋਵੇਂ ਆਗੂ ਭਵਿੱਖ ਵਿੱਚ ਵੀ ਪਾਰਟੀ ਨੂੰ ਆਪਣੀਆਂ ਸੇਵਾਵਾਂ ਦਿੰਦੇ ਰਹਿਣਗੇ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਦੀ ਭਲਾਈ ਅਤੇ ਮੰਡੀਆਂ ਵਿੱਚ ਬਿਹਤਰ ਸਹੂਲਤਾਂ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ ਅਤੇ ਇਸ ਦਿਸ਼ਾ ਵਿੱਚ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ।

ਆਵਾਜ਼ਿ ਕੌਮ AWAZE QAUM International Newspaper & WEB TV

# ਭਾਈ ਰਣਜੀਤ ਸਿੰਘ ਜੀ ਅਕਾਲ ਚਲਾਣਾ ਕਰ ਗਏ



"ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ ॥
ਸਚੀ ਦਰਗਹ ਜਾਇ ਸਚਾ ਪਿੜੁ ਮਲਿਆ ॥"

ਬੜੇ ਹੀ ਭਰੇ ਮਨ ਨਾਲ ਇਹ ਦੁਖਦਾਈ ਖ਼ਬਰ ਸਾਂਝੀ ਕਰ ਰਹੇ ਹਾਂ ਕਿ ਗੁਰੂ ਪੰਥ ਦੇ ਮਹਾਨ ਕਥਾਵਾਚਕ, **ਗਿਆਨੀ ਭਾਈ ਰਣਜੀਤ ਸਿੰਘ ਜੀ**, ਵਿਦਿਆਰਥੀ ਦਮਦਮੀ ਟਕਸਾਲ, ਅੱਜ ਸ੍ਰੀ ਗੁਰੂ ਰਾਮਦਾਸ ਹਸਪਤਾਲ ਵਿਖੇ ਆਪਣੀ ਸੰਸਾਰਕ ਯਾਤਰਾ ਪੂਰੀ ਕਰਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ।

ਭਾਈ ਸਾਹਿਬ ਜੀ ਨੇ ਮਹਾਂਪੁਰਖ ਸੰਤ ਗਿਆਨੀ ਕਰਤਾਰ ਸਿੰਘ ਖ਼ਾਲਸਾ ਜੀ ਦੀ ਸੰਗਤ ਵਿੱਚ ਰਹਿ ਕੇ ਗੁਰਮਤਿ ਦੀ ਵਿਦਿਆ ਪ੍ਰਾਪਤ ਕੀਤੀ ਅਤੇ ਆਪਣੀ ਸਾਰੀ ਜ਼ਿੰਦਗੀ ਗੁਰਬਾਣੀ, ਗੁਰਮਤਿ ਅਤੇ ਸਿੱਖ ਇਤਿਹਾਸ ਦੇ ਪ੍ਰਚਾਰ-ਪ੍ਰਸਾਰ ਨੂੰ ਸਮਰਪਿਤ ਕਰ ਦਿੱਤੀ।

ਆਪਣੀ ਜ਼ਿੰਦਗੀ ਵਿੱਚ ਮੈਂ ਅਨੇਕਾਂ ਕਥਾਵਾਚਕ ਵੇਖੇ ਅਤੇ ਸੁਣੇ ਹਨ, ਪਰ ਭਾਈ ਰਣਜੀਤ ਸਿੰਘ ਜੀ ਵਰਗਾ ਮਾਇਆ ਤੋਂ ਨਿਰਲੇਪ ਹੋ ਕੇ ਕੇਵਲ ਗੁਰੂ ਦੀ ਬਾਣੀ ਨਾਲ ਜੁੜਿਆ ਪ੍ਰਚਾਰਕ ਬਹੁਤ ਵਿਰਲਾ ਦੇਖਿਆ।

**ਉਨ੍ਹਾਂ ਲਈ ਕਥਾ ਕੋਈ ਪੇਸ਼ਾ ਨਹੀਂ ਸੀ, ਕਥਾ ਉਨ੍ਹਾਂ ਦੀ ਸੇਵਾ ਸੀ। ਗੁਰਬਾਣੀ ਦਾ ਪ੍ਰਚਾਰ ਉਨ੍ਹਾਂ ਦੀ ਮੰਜ਼ਿਲ ਸੀ।**



- ਭਾਈ ਸਾਹਿਬ ਜੀ ਜਦੋਂ ਵੀ ਫਰੋਜ਼ਨੇ ਦੇ ਗੁਰਦੁਆਰਾ ਸਾਹਿਬ ਵਿਖੇ ਕਥਾ ਕਰਨ ਆਉਂਦੇ, ਸੰਗਤਾਂ ਉਨ੍ਹਾਂ ਨੂੰ ਅਥਾਹ ਪਿਆਰ ਅਤੇ ਸਤਿਕਾਰ ਦਿੰਦੀਆਂ। ਇਸ ਪਿਆਰ ਦਾ ਕਾਰਨ ਉਨ੍ਹਾਂ ਦੀ ਸ਼ਖ਼ਸੀਅਤ ਸੀ, ਸਾਰਾ ਦਿਨ ਬਾਣੀ ਪੜ੍ਹਨੀ, ਗੁਰਬਾਣੀ ਵਿਚਾਰਨੀ ਅਤੇ ਸੰਗਤ ਨਾਲ ਵੀ ਗੁਰੂ ਦੀ ਬਾਣੀ ਅਤੇ ਇਤਿਹਾਸ ਦੀ ਹੀ ਗੱਲ ਕਰਨੀ।
- ਗੁਰਬਾਣੀ ਤੋਂ ਬਿਨਾਂ ਉਨ੍ਹਾਂ ਦੀ ਜੁਬਾਨ ਉੱਤੇ ਹੋਰ ਕੋਈ ਵਿਸ਼ਾ ਬਹੁਤ ਘੱਟ ਆਉਂਦਾ ਸੀ।
- ਅੱਜ ਪੰਥ ਨੂੰ ਇਕ ਜ਼ਥਾ ਵਾਚਕ ਦਾ ਘਾਟਾ ਲੰ ਨਹੀਂ ਸਗੋਂ ਗੁਰਬਾਣੀ ਅਤੇ ਸਿੱਖ ਇਤਿਹਾਸ ਨੂੰ ਆਪਣੀ ਜ਼ਿੰਦਗੀ ਬਣਾ ਕੇ ਜੀਉਣ ਵਾਲਾ ਇੱਕ ਨਿਰਲੇਪ ਗੁਰਮੁਖ ਪ੍ਰਚਾਰਕ ਦਾ ਵੀ ਘਾਟਾ ਪਿਆ ਹੈ।
- ਫਰੋਜ਼ਨੇ ਦੀਆਂ ਸੰਗਤਾਂ ਦੇ ਦਿਲਾਂ ਵਿੱਚ ਭਾਈ ਸਾਹਿਬ ਜੀ ਪ੍ਰਤੀ ਜੋ ਪਿਆਰ ਅਤੇ ਸਤਿਕਾਰ ਸੀ, ਉਹ ਹਮੇਸ਼ਾ ਕਾਇਮ ਰਹੇਗਾ। ਉਨ੍ਹਾਂ ਦੀ ਆਵਾਜ਼, ਉਨ੍ਹਾਂ ਦੀ ਕਥਾ ਅਤੇ ਗੁਰਬਾਣੀ ਨਾਲ ਉਨ੍ਹਾਂ ਦਾ ਅਥਾਹ ਪਿਆਰ ਸੰਗਤਾਂ ਦੀਆਂ ਯਾਦਾਂ ਵਿੱਚ ਸਦਾ ਜਿਉਂਦਾ ਰਹੇਗਾ।

## ਅਰਦਾਸ 🙏

ਗੁਰੂ ਸਾਹਿਬ ਜੀ ਗਿਆਨੀ ਭਾਈ ਰਣਜੀਤ ਸਿੰਘ ਜੀ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ਣ ਅਤੇ ਸਮੂਹ ਪਰਿਵਾਰ, ਸਨੇਹੀਆਂ, ਵਿਦਿਆਰਥੀਆਂ ਅਤੇ ਦੇਸ਼-ਵਿਦੇਸ਼ ਦੀਆਂ ਸੰਗਤਾਂ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ਣ।

**ਜਤਿੰਦਰ ਸਿੰਘ ਖ਼ਾਲਸਾ**
ਮੁੱਖ ਬੁਲਾਰਾ ਦਮਦਮੀ ਟਕਸਾਲ ,
ਜੱਥਾ ਭਿੰਡਰਾਂ ਮਹਿਤਾ

ਆਵਾਜ਼ਿ ਕੌਮ AWAZE QAUM
International Newspaper & WEB TV

ਸ੍ਰੀ ਬਾਬਾ ਬਕਾਲਾ ਸਾਹਿਬ ਵਿਖੇ ਸਾਚਾ ਗੁਰ ਲਾਧੋ ਰੇ ਨੂੰ ਸਮਰਪਿਤ

# ਤਿੰਨ ਰੋਜ਼ਾ ਜੋੜ ਮੇਲਾ 26/27/28 ਅਗਸਤ ਨੂੰ



**ਜੰਡਿਆਲਾ ਗੁਰੂ, 23 ਅਗਸਤ (ਕੁਲਵੰਤ ਸਿੰਘ ਵਿਰਦੀ)** - ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਪਾਵਨ ਧਰਤੀ ਸ੍ਰੀ ਬਾਬਾ ਬਕਾਲਾ ਸਾਹਿਬ ਵਿਖੇ ਸਾਚਾ ਗੁਰ ਲਾਧੋ ਰੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪੁਰਬ ਨੂੰ ਸਮਰਪਿਤ ਤਿੰਨ ਰੋਜ਼ਾ ਸਾਲਾਨਾ ਜੋੜ ਮੇਲਾ 26-27-28 ਅਗਸਤ, ਦਿਨ ਵੀਰਵਾਰ ਸ਼ੁੱਕਰਵਾਰ-ਸ਼ਨੀਵਾਰ ਨੂੰ ਮਨਾਇਆ ਜਾ ਰਿਹਾ ਹੈ । ਇਨਾਂ ਜੋੜ ਮੇਲਿਆਂ ਦੇ ਪਾਵਨ ਦਿਨਾਂ ਵਿੱਚ ਤਪ ਅਸਥਾਨ ਸ੍ਰੀ ਭੋਰਾ ਸਾਹਿਬ, ਦਰਬਾਰ ਸਾਹਿਬ, ਸ਼ੀਸ਼ ਮਹਿਲ, ਸ੍ਰੀ ਮੰਜੀ ਸਾਹਿਬ ਆਦਿ ਪਵਿੱਤਰ ਅਸਥਾਨਾਂ ਦੀ ਸੁੰਦਰ ਸਜਾਵਟ ਕਰਨ ਲਈ ਖੁਸ਼ਬੂਦਾਰ ਫੁੱਲਾਂ ਦੀ ਵਰਤੋਂ ਕੀਤੀ ਜਾਵੇਗੀ ।ਇਸ ਜੋੜ ਮੇਲੇ ਦੀ ਜਾਣਕਾਰੀ ਸਾਂਝੀ ਕਰਦਿਆ ਹੋਇਆ ਮੁੱਖ ਸੇਵਾਦਾਰ ਗੁਰਦੁਆਰਾ ਨਾਨਕਸਰ ਸਾਹਿਬ ਜੰਡਿਆਲਾ ਗੁਰੂ ਅਤੇ ਅਕਾਲੀ ਦਲ ਵਾਰਿਸ ਪੰਜਾਬ ਦੇ ਹਲਕਾ ਜੰਡਿਆਲਾ ਗੁਰੂ ਦੇ ਸੇਵਾਦਾਰ ਬਾਬਾ ਬਿਬੇਕ ਸਿੰਘ ਨੇ ਕਿਹਾ ਕਿ ਅਸਥਾਨਾਂ ਨੂੰ ਸੁੰਦਰ ਤੇ ਖੁਸਬੂਦਾਰ ਬਣਾਉਣ ਲਈ ਫੁੱਲਾਂ ਦੀ ਮਾਹਿਰ ਟੀਮ ਵੱਲੋਂ ਬੀਤੇ ਦਿਨ ਸਰਵੇਖਣ ਕੀਤਾ ਗਿਆ ਹੈ ।ਅੱਗੇ ਉਨਾਂ ਕਿਹਾ ਕਿ ਹਰ ਸਾਲ ਸੰਗਤਾਂ ਦੇ ਸਹਿਯੋਗ ਸਦਕਾ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਅਸੀਸ ਸਦਕਾ ਇਨਾਂ ਸੇਵਾਵਾਂ ਤੇ ਲੱਖਾਂ ਰੁਪਏ ਖਰਚ ਕੀਤੇ ਜਾਂਦੇ ਹਨ ! ਅਤੇ ਇਸ ਵਾਰ ਵੀ ਗੁਰੂ ਸਾਹਿਬ ਦੀ ਅਪਾਰ ਬਖਸ਼ਿਸ਼ ਸਦਕਾ ਇਹ ਸੇਵਾ ਕੀਤੀ ਜਾ ਰਹੀ ਹੈ ।ਅੱਗੇ ਬਾਬਾ ਬਿਬੇਕ ਸਿੰਘ ਜੀ ਨੇ ਕਿਹਾ ਕਿ ਪੰਜਾਬ ਵਿੱਚ ਫੁੱਲਾਂ ਦੀ ਖੇਤੀ ਨਾ ਹੋਣ ਕਾਰਨ ਮਹਿੰਗੇ ਭਾਅ ਦੇ ਵਿੱਚ ਫੁੱਲ ਸਾਨੂੰ ਕਲਕੱਤੇ ਤੋਂ ਮੰਗਵਾਉਣੇ ਪੈਂਦੇ ਹਨ !ਅਸੀਂ ਪੰਜਾਬ ਦੇ ਕਿਸਾਨਾਂ ਨੂੰ ਬੇਨਤੀ ਕਰਦੇ ਹਾਂ ਕਿ ਇਸ ਫੁਲਾਂ ਦੀ ਖੇਤੀ ਵੱਲ ਵੀ ਧਿਆਨ ਦਿੱਤਾ ਜਾਵੇ ਕਿਉਂਕਿ ਇਨਾਂ ਫੁਲਾਂ ਦੀ ਜਰੂਰਤ ਲਗਭਗ 12 ਮਹੀਨੇ ਹੀ ਪੈਂਦੀ ਹੈ ! ਇਸ ਮੌਕੇ ਮੈਨੇਜਰ ਭਾਈ ਨਿਸ਼ਾਨ ਸਿੰਘ ਜੱਫਰਵਾਲ, ਮੀਤ ਮੈਨੇਜਰ ਭਾਈ ਸ਼ੇਰ ਸਿੰਘ, ਇੰਚਾਰਜ ਸੁਖਵਿੰਦਰ ਸਿੰਘ ਬੁਤਾਲਾ ਨੇ ਬਾਬਾ ਬਿਬੇਕ ਸਿੰਘ ਦਾ ਸਵਾਗਤ ਕੀਤਾ।ਇਸ ਮੌਕੇ ਬਲਜਿੰਦਰ ਸਿੰਘ ਥਿੰਦ, ਹਰਭੁਪਿੰਦਰ ਸਿੰਘ ਮੱਲ੍ਹੀ, ਪਲਵਿੰਦਰ ਸਿੰਘ ਪੱਪਾ, ਜੋਧਾ ਕੈਟਰਿੰਗ, ਕੰਵਲਪ੍ਰੀਤ ਸਿੰਘ, ਮਨਪ੍ਰੀਤ ਸਿੰਘ, ਮਨਿੰਦਰ ਸਿੰਗ ਬੰਡਾਲਾ ਤੋਂ ਇਲਾਵਾ ਦਿਲਬਾਗ ਸਿੰਘ ਸ਼ੇਖ ਤਰਨ ਤਾਰਨ, ਅਮਰਜੀਤ ਸਿੰਘ ਅਕਾਊਟੈਂਟ, ਹੈੱਡਗ੍ਰੰਥੀ ਗਿ: ਹਰਦੇਵ ਸਿੰਘ, ਜਸਵਿੰਦਰ ਸਿੰਘ ਕਾਲਾ, ਮੰਗਦੀਪ ਸਿੰਘ, ਜਰਮਨਜੀਤ ਸਿੰਘ ਜਲਾਲ ਉਸਮਾ, ਤੇਜਿੰਦਰ ਸਿੰਘ ਬੱਲ ਸਠਿਆਲਾ, ਜਗਤਾਰ ਸਿੰਘ ਬਹਾਦਰਪੁਰ, ਨਿਰਮਲ ਸਿੰਘ ਸਟੋਰ ਕੀਪਰ, ਨਿਰੰਜਣ ਸਿੰਘ, ਜਸਬੀਰ ਸਿੰਘ ਖੱਬੇ ਰਾਜਪੂਤਾਂ ਅਤੇ ਬਾਹਰੋਂ ਆਈ ਸਰਵੇਖਣ ਟੀਮ ਮੈਂਬਰ ਹਾਜ਼ਰ ਸਨ !

**ਫੁੱਲਾਂ ਦੀ ਸਜਾਵਟ ਕਰਨ ਲਈ ਟੀਮ ਨੇ ਸਰਵੇਖਣ ਕੀਤਾ ਪੰਜਾਬ ਚ ਫੁੱਲ ਨਾ ਹੋਣ ਕਾਰਨ ਮਹਿੰਗੇ ਰੇਟ ਤੇ ਕਲਕੱਤੇ ਤੋਂ ਮੰਗਵਾਉਣੇ ਪੈਂਦੇ ਫੁੱਲ-ਬਾਬਾ ਬਿਬੇਕ ਸਿੰਘ**

ਡੀਸੀ ਦਫ਼ਤਰ ਵਿੱਚ ਪੰਜਾਬ ਸਟੇਟ ਟਰੇਡਰ ਕਮਿਸ਼ਨ ਤੇ ਜ਼ਿਲ੍ਹਾ ਪ੍ਰਸ਼ਾਸਨ ਦੀ ਹਫ਼ਤਾਵਾਰ ਰਿਵਿਊ ਮੀਟਿੰਗ

# ਵਪਾਰੀਆਂ ਦੀਆਂ ਸ਼ਿਕਾਇਤਾਂ ਤੇ ਮੰਗਾਂ ਦੇ ਤੁਰੰਤ ਨਿਪਟਾਰੇ ਲਈ ਅਧਿਕਾਰੀਆਂ ਨੂੰ ਨਿਰਦੇਸ਼



ਪਠਾਨਕੋਟ, 23 ਅਗਸਤ (ਆਵਾਜ਼ਿ ਕੌਮ ਬਿਊਰੋ)-ਡਿਪਟੀ ਕਮਿਸ਼ਨਰ ਦਫ਼ਤਰ ਪਠਾਨਕੋਟ ਵਿਖੇ ਪੰਜਾਬ ਸਟੇਟ ਟਰੇਡਰ ਕਮਿਸ਼ਨ ਅਤੇ ਜ਼ਿਲ੍ਹਾ ਪ੍ਰਸ਼ਾਸਨ ਵਿਚਕਾਰ ਹਫ਼ਤਾਵਾਰ ਰੀਵਿਊ ਮੀਟਿੰਗ ਡਿਪਟੀ ਕਮਿਸ਼ਨਰ ਡਾ. ਪੱਲਵੀ ਦੀ ਅਗਵਾਈ ਹੇਠ ਕਰਵਾਈ ਗਈ।ਮੀਟਿੰਗ ਵਿੱਚ ਐਸ.ਡੀ.ਐਮ. ਸ਼ੰਕਰ ਸ਼ਰਮਾ ਸਮੇਤ ਵੱਖ-ਵੱਖ ਸਰਕਾਰੀ ਵਿਭਾਗਾਂ ਦੇ ਅਧਿਕਾਰੀਆਂ ਨੇ ਸ਼ਮੂਲੀਅਤ ਕੀਤੀ। ਮੀਟਿੰਗ ਦੌਰਾਨ ਵਪਾਰੀਆਂ ਵੱਲੋਂ ਪੋਰਟਲ ਰਾਹੀਂ ਦਰਜ ਕਰਵਾਈਆਂ ਗਈਆਂ ਸ਼ਿਕਾਇਤਾਂ ਅਤੇ ਮੰਗਾਂ ਉੱਤੇ ਵਿਸਥਾਰ ਨਾਲ ਚਰਚਾ ਕੀਤੀ ਗਈ। ਇਸ ਮੌਕੇ ਪੀਐਸਪੀਸੀਐੱਲ, ਸਿਹਤ, ਸਿੰਚਾਈ, ਰਣਜੀਤ ਸਾਗਰ ਡੈਮ ਪ੍ਰੋਜੈਕਟ, ਸਿੱਖਿਆ, ਮੰਡੀ ਬੋਰਡ, ਪੁਲਿਸ, ਪੰਚਾਇਤੀ ਰਾਜ, ਮਾਲ ਅਤੇ ਖੇਤੀਬਾੜੀ ਵਿਭਾਗ ਸਮੇਤ ਹੋਰ ਮਹੱਤਵਪੂਰਨ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਰਹੇ। ਡਿਪਟੀ ਕਮਿਸ਼ਨਰ ਡਾ. ਪੱਲਵੀ ਨੇ ਸਾਰੇ ਵਿਭਾਗਾਂ ਨੂੰ ਹਦਾਇਤ ਕੀਤੀ ਕਿ ਵਪਾਰੀਆਂ ਦੀਆਂ ਸ਼ਿਕਾਇਤਾਂ ਨੂੰ ਪਹਿਲ ਦੇ ਅਧਾਰ 'ਤੇ ਨਿਪਟਾਇਆ ਜਾਵੇ। ਉਨ੍ਹਾਂ ਕਿਹਾ ਕਿ ਜਿਹੜੇ ਮਸਲੇ ਮੌਕੇ 'ਤੇ ਹੱਲ ਹੋ ਸਕਦੇ ਹਨ, ਉਨ੍ਹਾਂ ਦਾ ਤੁਰੰਤ ਨਿਪਟਾਰਾ ਕੀਤਾ ਜਾਵੇ ਅਤੇ ਬਾਕੀ ਮਾਮਲਿਆਂ ਨੂੰ ਵੀ ਨਿਰਧਾਰਤ ਸਮੇਂ ਅੰਦਰ ਹੱਲ ਕਰਨ ਲਈ ਸੰਬੰਧਿਤ ਅਧਿਕਾਰੀਆਂ ਨੂੰ ਨਿਰਦੇਸ਼ ਜਾਰੀ ਕੀਤੇ। ਇਸ ਮੌਕੇ ਪੰਜਾਬ ਸਟੇਟ ਟਰੇਡਰ ਕਮਿਸ਼ਨ ਦੇ ਜ਼ਿਲ੍ਹਾ ਚੇਅਰਮੈਨ ਡਾ. ਅਨਿਲ ਭਾਰਦਵਾਜ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਹਦਾਇਤਾਂ ਅਨੁਸਾਰ ਇਹ ਹਫ਼ਤਾਵਾਰ ਰੀਵਿਊ ਮੀਟਿੰਗਾਂ ਨਿਯਮਿਤ ਤੌਰ 'ਤੇ ਕਰਵਾਈਆਂ ਜਾ ਰਹੀਆਂ ਹਨ, ਤਾਂ ਜੋ ਵਪਾਰੀਆਂ ਦੀਆਂ ਸਮੱਸਿਆਵਾਂ ਦਾ ਸਮੇਂ ਸਿਰ ਅਤੇ ਪ੍ਰਭਾਵਸ਼ਾਲੀ ਹੱਲ ਯਕੀਨੀ ਬਣਾਇਆ ਜਾ ਸਕੇ। ਸਟੇਟ ਮੈਂਬਰ ਧਰਮਿੰਦਰ ਸਿੰਘ ਸ਼ੇਰੂ ਅਤੇ ਜ਼ਿਲ੍ਹਾ ਟਰੇਡ ਵਿੰਗ ਪ੍ਰਧਾਨ ਵਿਕਾਸ ਸੈਣੀ ਨੇ ਕਿਹਾ ਕਿ ਅਜਿਹੀਆਂ ਮੀਟਿੰਗਾਂ ਨਾਲ ਪ੍ਰਸ਼ਾਸਨ ਅਤੇ ਟਰੇਡਰ ਕਮਿਸ਼ਨ ਵਿਚਕਾਰ ਆਪਸੀ ਤਾਲਮੇਲ ਮਜ਼ਬੂਤ ਹੁੰਦਾ ਹੈ ਅਤੇ ਵਪਾਰੀਆਂ ਦੀਆਂ ਮੁਸ਼ਕਲਾਂ ਦੇ ਹੱਲ ਦੀ ਪ੍ਰਕਿਰਿਆ ਹੋਰ ਤੇਜ਼ ਹੁੰਦੀ ਹੈ। ਮੀਟਿੰਗ ਵਿੱਚ ਸੁਜਾਨਪੁਰ ਹਲਕੇ ਦੇ ਚੇਅਰਮੈਨ ਮੁਕੇਸ਼ ਲਵਲੀ, ਪਠਾਨਕੋਟ ਹਲਕੇ ਦੇ ਚੇਅਰਮੈਨ ਤਿਲਕ ਧੀਮਾਨ, ਕਮਿਸ਼ਨ ਮੈਂਬਰ ਯੋਗ ਰਾਜ ਸੂਰਜ, ਰਾਜਵੀਰ ਅਤੇ ਕਮਲ ਕੁਮਾਰ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਸਰਪੰਚ ਲਖਵਿੰਦਰ ਸਿੰਘ ਰੰਧਾਵਾ ਜਲਾਲ ਉਸਮਾ ਨੂੰ ਚੌਕ ਮਹਿਤਾ ਦਾ ਮਾਰਕੀਟ ਕਮੇਟੀ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ



**ਚੌਕ ਮਹਿਤਾ, 23 ਅਗਸਤ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਆਮ ਆਦਮੀ ਪਾਰਟੀ ਦੇ ਹਲਕਾ ਜੰਡਿਆਲਾ ਗੁਰੂ ਦੇ ਸੀਨੀਅਰ ਲੀਡਰ ਚੇਅਰਮੈਨ ਹਰਜਿੰਦਰ ਸਿੰਘ ਰੰਧਾਵਾ ਜਲਾਲ ਉਸਮਾ ਦੇ ਵੱਡੇ ਭਰਾਤਾ ਸਰਪੰਚ ਲਖਵਿੰਦਰ ਸਿੰਘ ਰੰਧਾਵਾ ਜਲਾਲ ਉਸਮਾ ਨੂੰ ਪਾਰਟੀ ਵੱਲੋਂ ਚੌਕ ਮਹਿਤਾ ਦੀ ਮਾਰਕੀਟ ਕਮੇਟੀ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਸਰਪੰਚ ਲਖਵਿੰਦਰ ਸਿੰਘ ਰੰਧਾਵਾ ਜਲਾਲ ਉਸਮਾ ਦੇ ਚੇਅਰਮੈਨ ਲੱਗਣ ਇਲਾਕੇ ਵਿੱਚ ਬਹੁਤ ਖੁਸੀ ਦੀ ਲਹਿਰ ਇਲਕੇ ਦੇ ਲੋਕ ਉਨ੍ਹਾਂ ਨੂੰ ਸਨਮਾਨਿਤ ਕਰ ਰਹੇ ਹਨ। ਉਨ੍ਹਾਂ ਵਫਾਦਾਰੀ, ਪਾਰਟੀ ਦੀ ਦਿਨ ਰਾਤ ਸੇਵਾ ਕਰਨ ਤੇ ਉਨ੍ਹਾਂ ਦੀ ਚੇਅਰਮੈਨ ਦੀ ਨਿਯੁਕਤੀ ਕੀਤੀ ਗਈ ਹੈ। ਇਸ ਮੌਕੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਕੈਬਨਿਟ ਮੰਤਰੀ ਹਰਭਜਨ ਸਿੰਘ ਈ ਟੀ ਉ ਦਾ ਬਹੁਤ ਬਹੁਤ ਧੰਨਵਾਦ ਕੀਤਾ ਗਿਆ ਹੈ। ਜਿਨ੍ਹਾਂ ਨੇ ਲਖਵਿੰਦਰ ਸਿੰਘ ਰੰਧਾਵਾ ਜਲਾਲ ਉਸਮਾ ਦੀ ਇਮਾਨਦਾਰੀ ਪਾਰਟੀ ਪ੍ਰਤੀ ਦਿਨ ਰਾਤ ਇੱਕ ਕਰਕੇ ਇਹ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ।

# ਬਲਜੀਤ ਸਿੰਘ ਬਿੱਲਾ ਗੁਣੀਕੇ ਦੀ ਅਗਵਾਈ ਹੇਠ ਚੇਅਰਮੈਨ ਚੰਦਰੇਸ਼ਵਰ ਸਿੰਘ ਮੋਹੀ ਦਾ ਪਿੰਡ ਗੁਣੀਕੇ ਵਿੱਚ ਕੀਤਾ ਗਿਆ ਸਨਮਾਨ

## ਸਨਮਾਨ ਸਮਾਰੋਹ ਮੌਕੇ ਕਾਂਗਰਸੀ ਵਰਕਰਾਂ ਦਾ ਹੋਇਆ ਭਾਰੀ ਇਕੱਠ



**ਨਾਭਾ, 23 ਅਗਸਤ (ਆਵਾਜ਼ਿ ਕੌਮ ਬਿਊਰੋ)**-ਨੌਜਵਾਨਾਂ ਦੇ ਦਿਲਾਂ ਦੀ ਧੜਕਣ ਜੋ ਦਿਨ ਰਾਤ ਨਾਭਾ ਵਾਸੀਆਂ ਨਾਲ ਰਾਬਤਾ ਕਾਇਮ ਕਰ ਰਹੇ ਹਨ ਅਤੇ ਉਨ੍ਹਾਂ ਦੇ ਦੁੱਖ-ਸੁੱਖ ਵਿੱਚ ਸ਼ਰੀਕ ਹੋ ਰਹੇ ਹਨ। ਸਾਬਕਾ ਵਿਧਾਇਕ ਡਾ: ਸਤਵੰਤ ਮੋਹੀ ਦੇ ਸਪੁੱਤਰ ਚੰਦਰੇਸ਼ਵਰ ਸਿੰਘ ਮੋਹੀ ਸਾਬਕਾ ਚੇਅਰਮੈਨ ਐਸ.ਸੀ.ਕਮਿਸ਼ਨ ਦਾ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਐਸ.ਸੀ.ਵਿਭਾਗ ਦਾ ਕਾਰਜਕਾਰੀ ਚੇਅਰਮੈਨ ਬਣਨ 'ਤੇ ਬਲਜੀਤ ਸਿੰਘ ਬਿੱਲਾ ਗੁਣੀਕੇ ਦੀ ਅਗਵਾਈ ਹੇਠ ਪਿੰਡ ਗੁਣੀਕੇ ਵਿਖੇ ਕਰਵਾਏ ਗਏ ਪ੍ਰੋਗਰਾਮ ਦੌਰਾਨ ਇੱਕ ਸਮਾਗਮ ਦੌਰਾਨ੍ ਪਹੁੰਚਣ 'ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਚੰਦਰੇਸ਼ਵਰ ਸਿੰਘ ਮੋਹੀ ਨੇ ਕਿਹਾ ਕਿ ਅੱਜ ਪਿੰਡ ਗੁਣੀਕੇ ਪਹੁੰਚ ਕੇ ਜੋ ਪਿਆਰ ਮਿਲਿਆ ਹੈ ਉਸ ਲਈ ਮੈਂ ਬਲਜੀਤ ਸਿੰਘ ਬਿੱਲਾ ਅਤੇ ਪਿੰਡ ਵਾਸੀਆਂ ਦਾ ਹਮੇਸ਼ਾ ਰਿਣੀ ਰਹਾਂਗਾ। ਉਨ੍ਹਾਂ ਕਿਹਾ ਕਿ ਅੱਜ ਇਸ ਪ੍ਰੋਗਰਾਮ ਵਿੱਚ ਇਕੱਠ ਨੂੰ ਦੇਖ ਕੇ ਬਹੁਤ ਖੁਸ਼ੀ ਹੋਈ, । ਉਹਨਾਂ ਕਿਹਾ ਕਿ ਹੁਣ ਉਹ ਦਿਨ ਦੂਰ ਨਹੀਂ ਜਦੋਂ 2027 ਦੀਆਂ ਚੋਣਾਂ ਵਿੱਚ ਪੰਜਾਬ ਵਿੱਚ ਕਾਂਗਰਸ ਦੀ ਸਰਕਾਰ ਹੋਵੇਗੀ ਅਤੇ ਕਾਂਗਰਸ ਪਾਰਟੀ ਇੱਕ ਵਾਰ ਫਿਰ ਪੰਜਾਬ ਨੂੰ ਖੁਸ਼ਹਾਲ ਬਣਾਵੇਗੀ। ਮੋਹੀ ਨੇ ਕਿਹਾ ਕਿ ਮੈਂ ਨਾਭਾ ਵਾਸੀਆਂ ਦੇ ਨਾਲ ਦਿਨ ਰਾਤ ਖੜ੍ਹਾ ਹਾਂ। ਜੇਕਰ ਨਾਭਾ ਦੇ ਕਿਸੇ ਵੀ ਵਸਨੀਕ ਨੂੰ ਕੋਈ ਮੁਸ਼ਿਕਲ ਪੇਸ਼ ਆਉਂਦੀ ਹੈ ਤਾਂ ਉਹ ਤੁਰੰਤ ਮੇਰੇ ਨਾਲ ਸੰਪਰਕ ਕਰ ਸਕਦਾ ਹੈ ਮੇਰੇ ਵਲੋ ਉਸ ਦਾ ਹਰ ਹੱਲ ਸਮੱਸਿਆ ਦਾ ਹੱਲ ਕਰਵਾਇਆ ਜਾਵੇਗਾ। ਨਾਭਾ ਮੇਰਾ ਆਪਣਾ ਪਰਿਵਾਰ ਹੈ। ਇਸ ਮੌਕੇ ਸੈਂਕੜੇ ਵਰਕਰਾਂ ਨੇ ਸਨਮਾਨ ਸਮਾਰੋਹ ਵਿੱਚ ਸ਼ਿਰਕਤ ਕੀਤੀ ਅਤੇ ਕੁਝ ਹੀ ਸਮੇਂ ਵਿੱਚ ਭਾਰੀ ਭੀੜ ਇਕੱਠੀ ਹੋ ਗਈ। ਇਸ ਮੌਕੇ ਬਲਜੀਤ ਸਿੰਘ ਬਿੱਲਾ ਗੁਣੀਕੇ ਨੇ ਚੰਦਰੇਸ਼ਵਰ ਮੋਹੀ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਦਿਨ-ਰਾਤ ਉਨ੍ਹਾਂ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇ ਹਨ ਅਤੇ ਵਾਹਿਗੁਰੂ ਉਨ੍ਹਾਂ ਨੂੰ ਨਾਭਾ ਸੀਟ ਭਾਰੀ ਬਹੁਮਤ ਨਾਲ ਜਿਤਾ ਕੇ ਕਾਂਗਰਸ ਹਾਈਕਮਾਂਡ ਨੂੰ ਸੌਂਪਣਗੇ। ਇਸ ਮੌਕੇ ਭਰਪੂਰ ਸਿੰਘ ਸਰਪੰਚ, ਸਤਿਗੁਰ ਸਿੰਘ ਮੈਂਬਰ, ਕ੍ਰਿਸ਼ਨ ਸਿੰਘ ਮੈਂਬਰ, ਜਰਨੈਲ ਸਿੰਘ ਗੁਣੀਕੇਂ, ਪ੍ਰਿਤਪਾਲ ਸਿੰਘ, ਬਲਕਾਰ ਸਿੰਘ ਸੋਹੀ, ਲਵੀ, ਚਮਕੌਰ ਸਿੰਘ ਸਾਬਕਾ ਸਰਪੰਚ, ਹਰਜੀਤ ਸਿੰਘ ਗੁਣੀਕੇਂ, ਦੀਵਾਸ਼, ਰਸ਼ਿਵੰਦਰ ਸਿੰਘ ਮਾਸਟਰ, ਦਿਆ ਸਿੰਘ, ਗੁਰਪ੍ਰੀਤ ਸਿੰਘ, ਬਿੱਕਰ ਸਿੰਘ, ਪ੍ਰੀਤਮ ਸਿੰਘ, ਮੀਤ ਸਿੰਘ ਆਦਿ ਹਾਜ਼ਰ ਸਨ। ਕੇਵਲ ਖਾਨ, ਅੰਬੂ ਰਾਮ, ਨਿਰਮਲ ਸਿੰਘ ਚੌਕੀਦਾਰ, ਸੋਹਣ ਸਿੰਘ ਆਦਿ, ਮੋਨੂੰ ਡੱਲਾ, ਮਨਜੀਤ ਸਿੰਘ ਸੋਹੀ ਆਟੋ, ਬਾਬਾ ਹਰਪ੍ਰੀਤ ਸਿੰਘ ਹਰਜੋਤ ਸਿੰਘ, ਜਸ ਮਾਨ, ਲਹਿਣਪ੍ਰੀਤ ਸਿੰਘ ਦੋਦਾ, ਹਰਪ੍ਰੀਤ ਸਿੰਘ, ਜੋਬਨਪ੍ਰੀਤ ਸਿੰਘ ਮਝੈਲ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਕਾਂਗਰਸੀ ਵਰਕਰ ਅਤੇ ਪਿੰਡ ਵਾਸੀ ਹਾਜਰ ਸਨ।

# 1013 ਲੈਕਚਰਾਰ ਸਿੱਧੀ ਭਰਤੀ 'ਚ ਰਿਜਰਵ ਸ੍ਰੇਣੀਆਂ ਦਾ ਬਣਦਾ ਹਿੱਸਾ ਨਾ ਦੇਣ ਲਈ ਸਿੱਖਿਆ ਵਿਭਾਗ ਘੜ ਰਿਹਾ ਹੈ ਕੋਝੀਆਂ ਸਾਜ਼ਿਸ਼ਾਂ

ਪਠਾਨਕੋਟ, 23 ਅਗਸਤ (**ਆਵਾਜ਼ਿ ਕੌਮ ਬਿਊਰੋ**)-ਐੱਸ ਸੀ /ਬੀ ਸੀ ਅਧਿਆਪਕ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਕਰਿਸ਼ਨ ਸਿੰਘ ਦੁੱਗਾਂ ਦੀ ਅਗਵਾਈ 'ਚ ਵਰਚੂਅਲ ਮੀਟਿੰਗ ਹੋਈ ।ਜਿਸ ਬਾਰੇ ਜਰਨਲ ਸਕੱਤਰ ਲਛਮਣ ਸਿੰਘ ਨਬੀਪੁਰ ਨੇ ਦੱਸਿਆ ਕਿ 1013 ਲੈਕਚਰਾਰ ਸਿੱਧੀ ਭਰਤੀ ਦੇ ਦਿੱਤੇ ਇਸ਼ਤਿਹਾਰ 'ਚ ਬਿਨਾਂ ਰਿਕਾਰਡ ਨੂੰ ਘੋਖੇ ਅਤੇ ਬਹੁਤੀਆਂ ਭਰਤੀਆਂ ਦਾ ਰਿਕਾਰਡ ਨਾ ਹੋਣ ਦੇ ਬਾਵਜੂਦ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਵੱਲੋਂ ਮਾੜੀ ਮਾਨਸਿਕਤਾ ਕਾਰਨ ਐੱਸ ਸੀ /ਬੀ ਸੀ ਉਮੀਦਵਾਰਾਂ ਦਾ ਬਣਦਾ ਕੋਟਾ ਛੇ ਵਿਸ਼ਿਆਂ 'ਚ ਜ਼ੀਰੋ ਕਰ ਦਿੱਤਾ ਗਿਆ ਹੈ ।ਸਿੱਖਿਆ ਵਿਭਾਗ ਵੱਲੋਂ 29 ਜੁਲਾਈ ਨੂੰ ਭਲਾਈ ਵਿਭਾਗ ਵੱਲੋਂ ਬਣਾਈ ਕਮੇਟੀ ਦੀ ਮੀਟਿੰਗ 'ਚ ਅਧੂਰਾ ਰਿਕਾਰਡ ਪੇਸ਼ ਕੀਤਾ ਗਿਆ ।ਆਗੂਆਂ ਵੱਲੋਂ ਅਧੂਰੇ ਰਿਕਾਰਡ ਦੀ ਤੁਰੰਤ ਘੋਖ ਕਰਕੇ ਵੈਲਫ਼ੇਅਰ ਵਿਭਾਗ ਦੇ ਅਧਿਕਾਰੀਆਂ ਦੀ ਹਾਜ਼ਰੀ ਵਿੱਚ ਓਪਨ ਸ੍ਰੇਣੀ 'ਚ ਸਿਲੈਕਟ ਹੋਏ ਐੱਸ ਸੀ /ਬੀਸੀ ਉਮੀਦਵਾਰਾਂ ਨੂੰ ਗਲਤ ਢੰਗ ਨਾਲ ਰੋਸਟਰ ਰਜਿਸਟਰ 'ਚ ਰਿਜ਼ਰਵ ਨੁਕਤਿਆਂ ਤੇ ਲਗਾ ਕੇ ਰਾਖਵਾਂਕਰਨ ਨੀਤੀ ਦੀ ਉਲੰਘਣਾ ਹੋਣ ਦੇ ਸਬੂਤ ਦਿੱਤੇ। ਪਰ ਅਜੇ ਤੱਕ ਸਿੱਖਿਆ ਵਿਭਾ.ਗ ਵੱਲੋਂ ਬਣਦਾ ਰਾਖਵਾਂ ਕੋਟਾ ਦੇਣ ਲਈ ਸੋ.ਧ ਪੱਤਰ ਜਾ.ਰੀ ਨਹੀਂ ਕੀਤਾ ਗਿਆ ।ਸਿੱਖਿਆ ਵਿਭਾਗ ਨੇ ਲੋਕਾਂ ਦੀਆਂ ਅੱਖਾਂ ਵਿੱਚ ਘੱਟਾ ਪਾਉਣ ਲਈ ਇਸ਼ਤਿਹਾਰ ਵਿੱਚ ਦਰਸਾਈਆਂ ਅਸਾਮੀਆਂ ਦੀ ਗਿਣਤੀ ਵਧਾਈ ਗਈ ਹੈ ਪਰ ਰਾਖਵੀਆਂ ਸ਼੍ਰੇਣੀਆਂ ਦਾ ਬਣਦਾ ਕੋਟਾ ਨਾ ਦੇਣ ਲਈ ਤਿਰਛੀ ਸਤਰੰਜੀ ਚਾਲ ਚੱਲੀ ਗਈ ਹੈ ।ਸਿੱਖਿਆ ਵਿਭਾ.ਗ ਦੇ ਅਧਿਕਾਰੀਆਂ ਵੱਲੋਂ ਪਿੱਛਲੀ ਮੀਟਿੰਗ ਵਿੱਚ ਰਿਕਾਰਡ 'ਚ ਗਲਤੀ ਮੰਨਣ ਦੇ ਬਾਵਜੂਦ ਭਲਾਈ ਵਿਭਾ.ਗ ਵੱਲੋਂ ਸਿੱਖਿਆ ਵਿਭਾ.ਗ ਅਧਿਕਾਰੀਆਂ ਵਿਰੁੱਧ ਕੋਈ ਠੋਸ ਕਾਰਵਾਈ ਨਹੀਂ ਕੀਤੀ ਗਈ ।ਜਿਸ 'ਤੇ ਅੱਜ ਦੀ ਮੀਟਿੰਗ 'ਚ ਜਥੇਬੰਦੀ ਦੇ ਆਗੂਆਂ ਵੱਲੋਂ ਸਖ਼ਤ ਰੁੱਖ ਆਖਤਿਆਰ ਕਰਦਿਆਂ ਸਪੱਸ਼ਟ ਕੀਤਾ ਗਿਆ ਕਿ ਮਿਤੀ 28/8/2026 ਨੂੰ ਜਿਲਾ ਹੈੱਡ ਕੁਆਰਟਰਾਂ 'ਤੇ ਸਿੱਖਿਆ ਮੰਤਰੀ ਹਰਜੋਤ ਬੈਂਸ ,ਸਿੱਖਿਆ ਸਕੱਤਰ ਸੋਨਾਲੀ ਗਿਰੀ, ਭਲਾਈ ਮੰਤਰੀ ਡਾ ਬਲਜੀਤ ਕੌਰ ਅਤੇ ਭਲਾਈ ਸਕੱਤਰ ਵੀ ਕੇ ਮੀਣਾ ਦੇ ਪੁਤਲੇ ਸਾੜਨ ਉਪਰੰਤ ਡਿਪਟੀ ਕਮਿਸ਼ਨਰਾਂ ਰਾਹੀਂ ਮਾਨਯੋਗ ਗਵਰਨਰ ਪੰਜਾਬ ਦੇ ਨਾਮ ਮੰਗ ਪੱਤਰ ਸੌਂਪੇ ਜਾਣਗੇ। ਜਥੇਬੰਦੀ ਵੱਲੋਂ ਇਹ ਸੰਘਰਸ਼ ਪੜਾਅਵਾਰ ਉਦੋਂ ਤੱਕ ਜਾਰੀ ਰੱਖਿਆ ਜਾਵੇਗਾ ਜਦੋਂ ਤੱਕ ਸੰਵਿਧਾਨਕ ਹੱਕਾਂ ਦੀ ਪ੍ਰਾਪਤੀ ਨਹੀਂ ਹੋ ਜਾਂਦੀ। ਮੀਟਿੰਗ 'ਚ ਸੂਬਾ ਪ੍ਰਧਾਨ ਕਰਿਸ਼ਨ ਸਿੰਘ ਦੁੱਗਾਂ, ਜਰਨਲ ਸਕੱਤਰ ਲਛਮਣ ਸਿੰਘ ਨਬੀਪੁਰ, ਸਕੱਤਰ ਜਰਨਲ ਬਲਵਿੰਦਰ ਸਿੰਘ ਲਤਾਲਾ, ਸੀਨੀਅਰ ਮੀਤ ਪ੍ਰਧਾਨ ਗੁਰਸੇਵਕ ਸਿੰਘ ਕਲੇਰ, ਹਰਵਿੰਦਰ ਮਾਰਸ਼ਲ ਮੋਗਾ ਅਤੇ ਹੋਰ ਆਗੂ ਸਾਥੀ ਵੀ ਸ਼ਾਮਿਲ ਹੋਏ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243




★ ਜਾਰੀ ਕਰਤਾ ★

ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
+447458381111 +447976210161 +919729091243